੧ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹ॥
ਹਮ ਇਹ ਕਾਜ ਜਗਤ ਮੋ ਆਏ। ਧਰਮ ਹੇਤ ਗੁਰਦੇਵ ਪਠਾਏ।

# ਖ਼ਾਲਸਾ ਸਮਾਚਾਰ
# Khalsa Samachar

Rs. 5/-

ਸਪਤਾਹਿਕ/Weekly | ਸੰਸਥਾਪਕ: ਭਾਈ ਸਾਹਿਬ ਭਾਈ ਵੀਰ ਸਿੰਘ | Founded by Bhai Vir Singh in 1899 | www.bvsss.org

Issue 22, 22-28 April, 2021, Vol. 31

**Subscription in INR :** India Yearly 250/-, Life 2500/- | Abroad Yearly 2500/-, Life 25000/-

ਅੰਕ ੨੨, ੨੨-੨੮ ਅਪ੍ਰੈਲ ੨੦੨੧, ਜਿਲਦ ੩੧ | ੧੦-੧੬ ਵੈਸਾਖ ੨੦੭੮, ਨਾਨਕਸ਼ਾਹੀ ਸੰਮਤ ੫੫੩

ਜੋਤੀ ਜੋਤਿ ਪੁਰਬ: 25 ਅਪ੍ਰੈਲ

## ਸ੍ਰੀ ਹਰਿਕ੍ਰਿਸ਼ਨ ਧਿਆਈਐ

❖ **ਗਿਆਨੀ ਮਹਾਂ ਸਿੰਘ**

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਅਰਸ਼ੀ ਗੁਰਤਾ ਗਦੀ ਦੇ ਅਠਵੇਂ ਵਾਰਸ ਸਾਹਿਬ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦਾ ਜੋਤੀ ਜੋਤਿ ਸਮਾਉਣ ਦਾ ਗੁਰਪੁਰਬ ਆ ਰਿਹਾ ਹੈ। ਭਾਵੇਂ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਕੇਵਲ ਤ੍ਰੈ ਸਾਲ ਹੀ ਗੱਦੀ ਪਰ ਬਿਰਾਜਮਾਨ ਰਹੇ ਤੇ ਅੱਠ ਸਾਲ ਦੀ ਵਰੇਸ ਵਿਚ ਦਿੱਲੀ ਵਿਖੇ ਜੋਤੀ ਜੋਤਿ ਸਮਾ ਗਏ, ਪਰ ਆਪ ਦਾ ਤਪ, ਦੈਵੀ ਪ੍ਰਭਾਵ, ਰੱਬੀ ਅਲੂਹੀਅਤ, ਨਾਮ ਬਾਣੀ ਦੇ ਪ੍ਰਚਾਰ ਦੀ ਧਾਰਾ, ਸੇਵਾ ਉਪਕਾਰ ਦੀ ਚੋਟ ਪਹਿਲੇ ਗੁਰੂ ਸਾਹਿਬਾਨ ਜਿੰਨੀ ਹੀ ਮਹਾਨ ਤੇ ਗੌਰਵਤਾ ਭਰੀ ਸੀ।

ਸਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਗ੍ਰਿਹ ਆਪ ਦਾ ਅਵਤਾਰ ਸਾਵਣ ਵਦੀ ੯ ਸੰਮਤ ੧੭੧੩ ਬਿ: ਨੂੰ ਕੀਰਤਪੁਰ ਵਿਖੇ ਹੋਇਆ ਸੀ। ਪੂਜਨੀਕ ਮਾਤਾ ਜੀ ਦਾ ਸ਼ੁਭ ਨਾਮ ਮਾਤਾ ਕ੍ਰਿਸ਼ਨ ਕੌਰ ਸੀ। ਜਦ ਆਪ ਜੀ ਦੀ ਆਯੂ ਪੰਜ ਬਰਸ ਹੋਈ ਤਾਂ ਸਾਹਿਬ ਸ੍ਰੀ ਗੁਰੂ ਹਰਿ ਰਾਇ ਜੀ ਜੋਤੀ ਜੋਤਿ ਸਮਾਉਣ ਦੀਆਂ ਤਿਆਰੀਆਂ ਕਰ ਬੈਠੇ ਤੇ ਸਚ ਖੰਡ ਪਧਾਰਨ ਤੋਂ ਪਹਿਲੇ ਉਹਨਾਂ ਨੇ ਗੁਰੂ ਨਾਨਕ ਦੇਵ ਜੀ ਦੇ ਸਿੰਘਾਸਣ ਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੂੰ ਬਿਠਾ ਦਿਤਾ।

ਸ੍ਰੀ ਹਰਿ ਕ੍ਰਿਸ਼ਨ ਜੀ ਦੇ ਇਕ ਵਡੇ ਭਰਾਤਾ ਸ੍ਰੀ ਰਾਮਰਾਇ ਜੀ ਬੀ ਸਨ, ਉਹਨਾਂ ਨੂੰ ਪਿਤਾ ਗੁਰੂ ਜੀ ਨੇ ਤਿਆਗ ਦਿਤਾ ਸੀ। ਉਹਨਾਂ ਨੇ ਔਰੰਗਜੇਬ ਦੇ ਪਾਸ ਰਹਿੰਦਿਆਂ ਅਨੇਕਾਂ ਕਰਾਮਾਤਾਂ ਦਿਖਾਈਆਂ ਤੇ ਫਿਰ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਇਕ ਤੁਕ ਉਲਟਾ ਕੇ ਔਰੰਗਜ਼ੇਬ ਨੂੰ ਖੁਸ਼ ਕਰਨ ਦਾ ਜਤਨ ਕੀਤਾ ਸੀ, ਜਿਸ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬੇਅਦਬੀ ਪ੍ਰਤੀਤ ਕੇ ਸ੍ਰੀ ਗੁਰੂ ਹਰਿ ਰਾਇ ਜੀ ਨੇ ਕਹਿ ਦਿਤਾ ਸੀ ਕਿ ਸਾਡੇ ਮੱਥੇ ਨਹੀਂ ਲਗਣਾ, ਇਸੇ ਕਾਰਨ ਗੁਰਤਾ ਸ੍ਰੀ ਹਰਿਕ੍ਰਿਸ਼ਨ ਜੀ ਨੂੰ ਮਿਲੀ।

ਛੋਟੇ ਵੀਰ ਨੂੰ ਗੁਰਤਾ ਮਿਲਣ ਪਰ ਸ੍ਰੀ ਰਾਮ ਰਾਇ ਜੀ ਖੁਸ਼ ਨਹੀਂ ਹੋਏ ਸਗੋਂ ਈਰਖਾ ਵਿਚ ਹੋ ਗਏ ਤੇ ਲਿਖਦੇ ਹਨ ਕਿ ਉਹਨਾਂ ਨੇ ਔਰੰਗਜੇਬ ਨੂੰ ਪ੍ਰੇਰ ਕੇ ਸ੍ਰੀ ਹਰਿ ਕ੍ਰਿਸ਼ਨ ਜੀ ਨੂੰ ਦਿੱਲੀ ਬੁਲਾ ਭੇਜਿਆ। ਤੇ ਦਿਲ ਵਿਚ ਇਹ ਰੱਖੀ ਕਿ ਜੇ ਸ੍ਰੀ ਹਰਿਕ੍ਰਿਸ਼ਨ ਜੀ ਦਿੱਲੀ ਆਏ ਤਾਂ ਪਿਤਾ ਗੁਰੂ ਜੀ ਦੀ ਆਗਯਾ ਦੀ ਉਲੰਘਣਾ ਹੋਵੇਗੀ ਜੋ ਉਹਨਾਂ ਨੇ ਕਿਹਾ ਸੀ ਕਿ ਮੁਗਲ ਰਾਜ ਦੇ ਮੱਥੇ ਨਹੀਂ ਲੱਗਣਾ ਤੇ ਜੇ ਨਾ ਆਏ ਤਾਂ ਔਰੰਗਜੇਬ ਵਿਰੁਧ ਹੋ ਜਾਏਗਾ ਅਤੇ ਜੇ ਕੋਈ ਐਭੀ ਨਿਭੀ ਐਉਂ ਹੋ ਗਈ ਤਾਂ ਗੁਰਤਾ ਮੇਰੇ ਹੱਥ ਆ ਜਾਏਗੀ।

ਰਾਜਾ ਜੈ ਸਿੰਘ ਜੋ ਸ਼ਾਹੀ ਸੱਦੇ ਦਾ ਸੰਦੇਸਾ ਲੈ ਕੇ ਆਇਆ ਸੀ ਆਪ ਉਸ ਦੇ ਨਾਲ ਦਿੱਲੀ ਵਲ ਚਲ ਪਏ। ਰਸਤੇ ਵਿਚ ਸੰਗਤਾਂ ਨੂੰ ਦਰਸ਼ਨ ਦਿੰਦੇ, ਨਾਮ ਬਾਣੀ ਦਾ ਪ੍ਰਚਾਰ ਕਰਦੇ, ਭੁਲਿਆਂ ਭਟਕਿਆਂ ਨੂੰ ਸਾਈਂ ਦੀ ਯਾਦ ਵਿਚ ਜੋੜਦੇ ਪੰਜੋਖਰੇ ਪਹੁੰਚੇ। ਇਥੇ ਇਕ ਪੰਡਤ ਕ੍ਰਿਸ਼ਨ ਲਾਲ ਨਾਮੇ ਰਹਿੰਦਾ ਸੀ ਜਿਸ ਨੂੰ ਆਪਣੀ ਵਿਦਯਾ ਦਾ ਬੜਾ ਮਾਣ ਸੀ। ਜੋ ਬੀ ਵਿਦ੍ਵਾਨ ਸੁਣਦਾ ਉਸ ਨਾਲ ਜਾ ਚਰਚਾ ਕਰਦਾ ਤੇ ਉਸ ਦੀ ਹੇਠੀ ਤੇ ਤ੍ਰਿਸਕਾਰ ਕਰਕੇ ਖੁਸ਼ ਹੁੰਦਾ, ਇਹ ਉਸਦਾ ਨਿੱਤ ਦਾ ਵਿਵਹਾਰ ਬਣ ਚੁੱਕਾ ਸੀ। ਗੁਰੂ ਜੀ ਦਾ ਡੇਰਾ ਲੱਗਾ ਦੇਖ ਸੁਣਕੇ ਇਹ ਬੀ ਗੁਰੂ ਜੀ ਦੇ ਡੇਰੇ ਆ ਪਹੁੰਚਾ। ਗੁਰੂ ਜੀ ਦਾ ਨਾਮ 'ਸ੍ਰੀ ਹਰਿ ਕ੍ਰਿਸ਼ਨ' ਸੁਣਕੇ ਅਚੰਭਤ ਹੋਇਆ ਤੇ ਗੁਰੂ ਜੀ ਨੂੰ ਹੀ ਜਾ ਪੁਛਿਆ ਕਿ ਸ੍ਰੀ ਕ੍ਰਿਸ਼ਨ ਜੀ ਤਾਂ ਅਵਤਾਰ ਹੋਏ ਹਨ, ਆਪ ਨੇ ਉਹਨਾਂ ਤੋਂ ਬੀ ਵੱਡਾ ਨਾਮ ਸ੍ਰੀ ਹਰਿਕ੍ਰਿਸ਼ਨ ਰਖਾਇਆ ਹੈ, ਕੀ ਆਪ ਵਿਚ ਉਹਨਾਂ ਨਾਲੋਂ ਕੋਈ ਵਡਿੱਤ ਹੈ? ਸ੍ਰੀ ਕ੍ਰਿਸ਼ਨ ਜੀ ਨੇ ਤਾਂ ਗੀਤਾ ਰਚੀ ਹੈ, ਮੈਨੂੰ ਆਸ ਨਹੀਂ

ਅੰਦਰ............


- ☐ ਕਲਾ ਦੇ ਰੂਪ ਵਿੱਚ ਸਿੱਖ ਇਤਿਹਾਸ 3
- ☐ ਸੰਤ ਬਿਮਲਾ ਸਿੰਘ: ਗਈ ਬਹੋੜ 5
- ☐ Seeking Perfection 7
- ☐ ਰਿਪੋਰਟ: ਪੁਸਤਕ **ਮਜਲਸ** 'ਤੇ ਚਰਚਾ 9
- ☐ 100 ਸਾਲ ਪਹਿਲਾਂ: ਕ੍ਰਿਪਾਨ 10
- ☐ ਸ਼ਬਦ ਵਿਆਖਿਆ 11
- ☐ ਸਿੰਗਾਪੁਰ 'ਚ ਲੱਗੀ ਸਿੱਖਾਂ ਬਾਰੇ ਵੱਡੀ ਪ੍ਰਦਰਸ਼ਨੀ 12

ਕਿ ਆਪ ਉਸ ਦੇ ਅਰਥ ਹੀ ਕਰ ਸਕੋ, ਫੇਰ ਆਪ ਦਾ ਇੱਡਾ ਵੱਡਾ ਨਾਮ ਰਖਾਉਣਾ ਕਿਵੇਂ ਸਾਰਥਕ ਹੈ? ਗੁਰੂ ਜੀ ਨੇ ਕਿਹਾ: ਜੇ ਤਾਂ ਤੂੰ ਗੀਤਾ ਦੇ ਅਰਥ ਹੀ ਚਾਹੁੰਦਾ ਹੈ ਤਾਂ ਅਸੀਂ ਸੁਣਾ ਸਕਦੇ ਹਾਂ ਪਰ ਅਸੀਂ ਸੁਣਾਏ ਤਾਂ ਤੂੰ ਸਮਝੇਂਗਾ ਕਿ ਅਸੀਂ ਕਿਸੇ ਪਾਸੋਂ ਪੜੇ ਹੋਸਣ, ਤੇਰਾ ਸ਼ੰਕਾ ਨਹੀਂ ਮਿਟੇਗਾ, ਤੂੰ ਆਪ ਹੀ ਆਪਣੇ ਨਗਰ ਦਾ ਕੋਈ ਅਨਪੜ੍ਹ ਲੈ ਆ, ਅਸੀਂ ਉਸ ਤੋਂ ਅਰਥ ਕਰਵਾ ਦਿੰਦੇ ਹਾਂ। ਉਹ ਪੰਡਤ ਇਕ ਨਿਰੱਖਰ ਤੇ ਮਹਾਂ ਮੂਰਖ ਝੀਵਰ ਨੂੰ ਲੈ ਆਇਆ। ਸਤਿਗੁਰੂ ਜੀ ਨੇ ਆਪਣੇ ਹੱਥ ਵਿਚ ਫੜੀ ਛਟੀ ਉਸ ਦੇ ਸੀਸ ਨੂੰ ਛੁਹਾਈ ਤੇ ੧੪ ਵਿਦਯਾ ਦਾ ਗਯਾਤਾ ਕਰ ਦਿਤਾ। ਪੰਡਤ ਨੇ ਉਸ ਨਾਲ ਸ਼ਾਸਤ੍ਰਾਰਥ ਕੀਤਾ ਤੇ ਉਸ ਨਿਰੱਖਰ ਨਾਲ ਚਰਚਾ ਕਰਕੇ ਸਤਿਗੁਰੂ ਜੀ ਦੀ ਗੈਬੀ ਤਾਕਤ ਦਾ ਕਾਇਲ ਹੋ ਗਿਆ, ਅਭਿਮਾਨ ਟੁੱਟ ਗਿਆ ਤੇ ਸਤਿਗੁਰੂ ਜੀ ਦੇ ਚਰਨੀ ਡਿਗ ਕੇ ਖਿਮਾਂ ਮੰਗੀ ਤੇ ਸਿੱਖੀ ਧਾਰਨ ਕਰ ਲਈ।

ਦਿੱਲੀ ਪਹੁੰਚੇ, ਜੈ ਸਿੰਘ ਪੁਰੇ ਵਿਚ, ਜਿਥੇ ਹੁਣ ਗੁਰਧਾਮ ਬੰਗਲਾ ਸਾਹਿਬ ਹੈ, ਸਤਿਗੁਰੂ ਜੀ ਦਾ ਨਿਵਾਸ ਕਰਾਇਆ ਗਿਆ। ਇਕ ਦਿਨ ਰਾਜਾ ਜੈ ਸਿੰਘ ਗੁਰੂ ਜੀ ਨੂੰ ਆਪਣੇ ਮਹਿਲ ਵਿਚ ਲੈ ਗਿਆ, ਸਤਿਗੁਰੂ ਜੀ ਦੀ ਅਲੂਹੀਅਤ ਪਰਖਣ ਲਈ ਆਪਣੀ ਪਟਰਾਣੀ ਨੂੰ ਗੋਲੀਆਂ ਵਾਲੇ ਕਪੜੇ ਪੁਆ ਕੇ ਹੋਰਨਾ ਰਾਣੀਆਂ ਤੇ ਗੋਲੀਆਂ ਵਿਚ ਬਿਠਾ ਦਿਤਾ।ਸਤਿਗੁਰੂ ਜੀ ਸਮਝ ਗਏ ਕਿ ਰਾਜਾ ਸਾਡੀ ਪ੍ਰੀਖਯਾ ਕਰਨਾ ਚਾਹੁੰਦਾ ਹੈ, ਸੋ ਆਪਣੇ ਹੱਥ ਦੀ ਛਟੀ ਸਭਨਾਂ ਬੀਬੀਆਂ ਦੇ ਸੀਸ ਨੂੰ ਵਾਰੀ ਵਾਰੀ ਛੁਹਾਉਂਦੇ ਤੇ ਕਹਿੰਦੇ 'ਇਹ ਬੀ ਨਹੀਂ', 'ਇਹ ਬੀ ਨਹੀਂ' ਅੰਤ ਮੇਲੇ ਕਪੜੇ ਪਾਈ ਬੈਠੀ ਪਟਰਾਣੀ ਦੀ ਗੋਦੀ ਜਾ ਬੈਠੇ।

ਦਿੱਲੀ ਵਿਚ ਰਹਿੰਦਿਆਂ, ਦਸਦੇ ਹਨ ਕਿ ਹੈਜ਼ੇ ਦੀ ਬਿਮਾਰੀ ਸ਼ਹਿਰ ਵਿਚ ਫੈਲ ਗਈ। ਗੁਰੂ ਜੀ ਦੇ ਹਜ਼ੂਰ ਸਤਿਸੰਗ ਦੇ ਦੀਵਾਨ ਲਗਦੇ ਤੇ ਫਿਰ ਜਿਹੜਾ ਬੀ ਰੋਗੀ ਗੁਰੂ ਜੀ ਦੇ ਆ ਦਰਸ਼ਨ ਕਰਦਾ ਉਸ ਦਾ ਰੋਗ ਦੂਰ ਹੋ ਜਾਂਦਾ। ਇਸ ਤਰਾਂ ਗੁਰੂ ਜੀ ਦੇ ਸਿਫਤ ਸੋਹਿਲੇ ਦੀ ਮਹਿਕ ਚੁਫੇਰੇ ਫੈਲ ਗਈ ਤੇ ਦੂਰ ਦੂਰ ਤੋਂ ਸੰਗਤਾਂ ਦੇ ਵਹੀਰ ਆਉਣ ਲਗ ਪਈ। ਸੂਰਜ ਪ੍ਰਕਾਸ਼ ਵਿਚ ਲਿਖਿਆ ਹੈ :-

ਬਹੁ ਦੇਸ਼ਨ ਕੀ ਸੰਗਤ ਆਈ।
ਸੁਨਿ ਸੁਨਿ ਦਰਸ ਹੇਤ ਲਲਚਾਈ।
ਸ੍ਰੀ ਹਰਿ ਕ੍ਰਿਸ਼ਨ ਜਗਤ ਗੁਰ ਭਏ।
ਦਸ਼ ਬਿਦੇਸ਼ਨ ਮਹਿ ਬਿਦਤਏ।
ਸਰਬੋਤਮ ਕੇ ਤਖਤ ਬਿਰਾਜੇ।
ਜਿਨ ਦਰਸ਼ਨ ਤੇ ਸੰਕਟ ਭਾਜੇ।

ਹਾਂ, ਆਪ ਜੀ ਦੇ ਦਰਸ਼ਨਾਂ ਤੋਂ ਸਾਰੇ ਰੋਗ ਸਾਰੇ ਸੰਕਟ ਦੂਰ ਨੱਸ ਜਾਂਦੇ ਸਨ, ਇਸੇ ਕਰਕੇ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਰਦਾਸ ਵਾਲੀ ਪਉੜੀ ਵਿਚ ਇਹ ਕਿਹਾ ਹੈ ਕਿ 'ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੇ ਸਭਿ ਦੁਖਿ ਜਾਇ'

**ਤਵਾਰੀਖ ਗੁਰੂ ਖਾਲਸਾ** ਵਿਚ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੀ ਸਿਫਤ ਸਲਾਹ ਵਿਚ ਇਸ ਤਰਾਂ ਲਿਖਿਆ ਹੈ :-

"ਜੱਦਯਪਿ ਉਮਰ ਵਿਚ ਤਾਂ ਏਹ ਛੋਟੇ ਹੀ ਸਨ, ਪਰ ਤੇਜ, ਪ੍ਰਤਾਪ, ਧੀਰਜ, ਦਿਲ ਦੀ ਸਫਾਈ ਬਚਨ ਸਿੱਧੀ, ਬੰਦਗੀ ਦੇ ਖਯਾਲ ਵਿਚ ਆਪਣੇ ਵਡੇ ਗੁਰੂ ਸਾਹਿਬਾਂ ਤੋਂ ਕਿਸੇ ਤਰਾਂ ਘਟ ਨਹੀਂ ਸੇ। ਹਰ ਇਕ ਪੰਥ ਦੇ ਬੀਸ ਬੀਸ ਤੀਸ ਤੀਸ ਸਯਾਣੇ ਸਯਾਣੇ ਆਦਮੀ ਏਨ੍ਹਾਂ ਦੇ ਪਾਸ ਬਚਨ ਸੁਣਨ ਵਾਸਤੇ ਬੈਠੇ ਰਹਿੰਦੇ। ਦੇਸ ਦੇਸ ਦੇ ਮਸੰਦ ਸੰਗਤਾਂ ਨੂੰ ਲਿਆਕੇ ਦਰਸ਼ਨ ਕਰਵਾਉਂਦੇ ਤੇ ਨਜ਼ਰ ਭੇਟਾ ਦਿਵਾਉਂਦੇ। ਇਸੇ ਤਰਾਂ ਇਕ ਆਵੰਦੇ ਇਕ ਜਾਂਵਦੇ। ਸਦਾ ਭੀੜ ਭਾੜ ਲਗੀ ਰਹਿੰਦੀ ਤੇ ਬਾਵਨ ਚੰਦਨ ਦੇ ਬ੍ਰਿਛ ਦੀ ਤਰਾਂ ਏਨ੍ਹਾਂ ਦੇ ਗੁਣ ਦੇਖ ਕੇ ਸਭ ਕੁਰਬਾਨ ਹੋਕੇ ਬੇਸ਼ੁਮਾਰ ਦੌਲਤ ਭੇਟਾ ਦਿੰਦੇ।"

ਭਾਈ ਸੰਤੋਖ ਸਿੰਘ ਜੀ ਗੁਰੂ ਸਾਹਿਬ ਜੀ ਦੇ ਸਰੀਰ ਤੇ ਆਤਮਾ ਦੀ ਸ਼ਖ਼ਸੀਅਤ ਦਾ ਨਕਸ਼ਾ ਖਿਚਦੇ ਹੋਏ ਕਹਿੰਦੇ ਹਨ:-

'ਮੂਰਤਿ ਅਲਪ ਸਰੀਰ ਹੈ, ਰਿਦਾ ਗੂਢ, ਬਚ ਲੀਹ।'

ਇਸੇ ਤਰਾਂ **ਗੰਜ ਨਾਮੇ** ਵਿਚ ਭਾਈ ਨੰਦ ਲਾਲ ਜੀ ਗੁਰੂ ਜੀ ਦਾ ਜਸ ਗਾਉਂਦੇ ਹੋਏ ਲਿਖਦੇ ਹਨ ਕਿ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਸਾਰੀ ਬਜ਼ੁਰਗੀ ਤੇ ਮਿਹਰੰਮਤ ਦਾ ਭੰਡਾਰ ਹਨ ਅਤੇ ਅਕਾਲ ਪੁਰਖ ਨੇ ਉਨ੍ਹਾਂ ਨੂੰ ਸਾਰਿਆਂ ਆਪਣੇ ਖਾਸ ਪਿਆਰਿਆਂ ਤੋਂ ਵਧ ਸਲਾਹਿਆ ਹੈ। ਉਨ੍ਹਾਂ ਵਿਚ ਤੇ ਰੱਬ ਵਿਚ ਕੇਵਲ ਵਰਕ ਦਾ ਫਰਕ ਹੈ। ਉਨਾਂ ਦਾ ਸਾਰਾ ਵਜੂਦ ਹੀ ਇਲਾਹੀ ਬਖਸ਼ਿਸ਼ਾਂ ਤੇ ਮਿਹਰੰਮਤਾਂ ਦਾ ਅਕਾਰ ਹੈ। ਉਨਾਂ ਦੀਆਂ ਸਚ ਪਾਲਣ ਵਾਲੀਆਂ ਬਖਸ਼ਸ਼ਾਂ ਦੇ ਸਭ ਲੋਕ ਮੰਗਤੇ ਹਨ। ਧਰਤੀ ਤੇ ਆਕਾਸ਼ ਉਨ੍ਹਾਂ ਦੇ ਤਾਬਿਆਦਾਰ ਹਨ। ਉਨ੍ਹਾਂ ਦੀ ਮਿਹਰ ਨਾਲ ਲੋਕ ਪਰਲੋਕ ਤਰ ਗਏ ਹਨ ਤੇ ਉਨ੍ਹਾਂ ਦੀ ਬਖਸ਼ਿਸ਼ ਨਾਲ ਹਰ ਕਿਣਕਾ ਸੂਰਜ ਵਾਂਗ ਚਮਕ ਉਠਿਆ ਹੈ। ਸਾਰੇ ਰੱਬ ਦੇ ਪਿਆਰ ਵੀ ਉਨ੍ਹਾਂ ਦੇ ਬਖਸ਼ਸ਼ਾਂ ਵਾਲੇ ਹੱਥਾਂ ਵਲ ਵੇਖ ਰਹੇ ਹਨ। ਸਭ ਪਤਾਲ ਤੇ ਆਕਾਸ਼ ਉਨ੍ਹਾਂ ਦੇ ਹੁਕਮ ਹੇਠ ਹਨ।

ਇਥੇ ਦਿੱਲੀ ਵਿਚ ਰਹਿੰਦਿਆਂ ਹੀ ਸਤਿਗੁਰੂ ਜੀ ਦੇ ਸਰੀਰ ਨੂੰ ਚੇਚਕ ਦੀ ਖੇਚਲ ਹੋ ਗਈ। ਖੇਚਲ ਵਧਦੀ ਗਈ ਤੇ ਸੰਗਤਾਂ ਨੇ ਜਾਤਾ ਕਿ ਆਪ ਹੁਣ ਚੋਲਾ ਬਦਲਣ ਦੇ ਆਹਰ ਵਿਚ ਹਨ। ਅਗੋਂ ਸੰਗਤ ਕਿਸ ਪੂਜਯ ਹਸਤੀ ਦੇ ਚਰਨੀ ਲਗੇ? ਇਹ ਪੁੱਛ ਹੋਈ ਤਾਂ ਆਪ ਨੇ 'ਬਾਬਾ ਬਕਾਲੇ' ਕਹਿ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ, ਜੋ ਤਦੋਂ ਬਕਾਲੇ ਰਹਿੰਦੇ ਤੇ ਆਪ ਜੀ ਦੇ ਬਾਬਾ ਜੀ ਲਗਦੇ ਸਨ, ਵੱਲ ਇਸ਼ਾਰਾ ਕਰ ਦਿੱਤਾ ਤੇ ਸੰਮਤ 1721 ਚੇਤ ਸੁਦੀ 14 ਨੂੰ ਆਪ ਜੋਤੀ ਜੋਤਿ ਸਮਾ ਗਏ।

ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕਰੀਬਨ ਯਾਰਾਂ ਕੁ ਸਾਲ ਤੇ ਨੌਂ ਸਾਲ ਦੇ ਸਨ ਜਦ ਗੁਰੂ ਗਦੀ ਉੱਤੇ ਬੈਠੇ ਪਰ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਤਕਰੀਬਨ ਪੰਜ ਸਾਲ ਦੇ ਹੀ ਸਨ। ਸੋ ਪਤਾ ਲਗਦਾ ਹੈ ਕਿ ਗੁਰੂ ਜੋਤਿ ਸਦਾ ਇਕੋ ਜਿਹਾ ਚਾਨਣ ਕਰਦੀ ਹੈ, ਉਮਰ ਭਾਵੇਂ ਛੋਟੀ ਹੋਵੇਂ ਭਾਵੇਂ ਵਡੀ। ਗੁਰਤਾ ਨਾਲ ਉਮਰ ਦਾ ਤੇ ਵਡੇ ਸਰੀਰ ਦਾ ਸੰਬੰਧ ਨਹੀਂ, ਸਗੋਂ ਆਤਮਾ ਤੇ ਪਰਮਾਤਮਾ ਦੇ ਮੇਲ ਦੀ ਏਕਤਾ ਤੇ ਵਡੱਤਣ ਦਾ ਨਾਮ ਹੀ ਗੁਰਤਾ ਹੈ।

ਸੋ ਖਾਲਸਾ ਜੀਓ ਆਓ ਅਜ ਦੇ ਦਿਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਮਹਾਨ ਆਦਰਸ਼ਾਂ ਉਤੇ ਚੱਲਦੇ ਹੋਏ, ਉਹਨਾਂ ਨੂੰ ਆਪਣਾ ਸਤਿਕਾਰ ਭੇਟ ਕਰੀਏ ਤੇ ਆਪਣਾ ਜੀਵਨ ਸਫਲਾਈਏ।

**- ਖਾਲਸਾ ਸਮਾਚਾਰ**, 1967 'ਚੋਂ

❖ ❖ ❖ ❖

# ਕਲਾ ਦੇ ਰੂਪ ਵਿੱਚ ਸਿੱਖ ਇਤਿਹਾਸ
## ਅਮਰੀਕਾ ਦੇ ਨੋਰਵਿਚ ਦੀ ਸ਼ਾਨ

❖ ਸਰਬਜੀਤ ਕੌਰ 'ਸਰਬ'*

ਸਿੱਖ ਕੌਮ ਇਕ ਅਜਿਹੀ ਕੌਮ ਹੈ, ਜੋ ਸੰਸਾਰ ਦੇ ਕਿਸੇ ਵੀ ਖਿੱਤੇ ਵਿੱਚ ਰਹਿੰਦੀ ਹੋਵੇ ਪਰ ਉਸ ਦਾ ਮੂਲ ਪੰਜਾਬ ਨਾਲ ਹੀ ਜੁੜਿਆ ਰਹਿੰਦਾ ਹੈ। ਇਸੇ ਕਰਕੇ ਪੰਜਾਬ ਦੀ ਸਭਿਆਚਾਰਕ ਵਿਰਾਸਤ, ਧਰਮ ਤੇ ਇਤਿਹਾਸ ਦੇ ਚਰਚੇ ਸੰਸਾਰ ਭਰ ਵਿੱਚ ਹੁੰਦੇ ਹਨ। ਸਿੱਖੀ ਨੂੰ ਪਿਆਰ ਕਰਨ ਵਾਲਿਆਂ ਨੇ ਆਪਣੇ ਰਹਿੰਦੇ ਖਿੱਤੇ ਵਿਚ ਵੀ ਸਿੱਖੀ ਨੂੰ ਰੁਸ਼ਨਾਇਆ ਹੈ। ਸਿੱਖ ਵਿਰਾਸਤ ਨੂੰ ਪਿਆਰ ਕਰਨ ਵਾਲਿਆਂ ਵਿੱਚ ਸਵਰਨਜੀਤ ਸਿੰਘ ਖਾਲਸਾ ਇੱਕ ਹਨ, ਜਿਨ੍ਹਾਂ ਨੇ ਸਿੱਖ ਇਤਿਹਾਸ ਨੂੰ ਆਰਟ ਗੈਲਰੀ ਦੇ ਨਾਮ ਹੇਠ ਸੰਭਾਲ ਕੇ ਰੱਖ ਲਿਆ ਹੈ। ਜਿੰਨਾ ਇਤਿਹਾਸ ਕਲਾ ਦੇ ਰੂਪ ਵਿਚ ਉਨ੍ਹਾਂ ਨੇ ਬੈਗਾਨੇ ਮੁਲਕ ਵਿੱਚ ਸੰਭਾਲਿਆ ਹੋਇਆ ਹੈ, ਅਨੁਮਾਨ ਹੈ ਕਿ ਪੰਜਾਬ ਵਿੱਚ ਆਪਣੇ ਇਤਿਹਾਸ ਨੂੰ ਇੰਨਾ ਸੰਭਾਲ ਕੇ ਨਾ ਰੱਖਿਆ ਗਿਆ ਹੋਵੇ, ਜਿੰਨਾ ਕਿ ਸਵਰਨਜੀਤ ਸਿੰਘ ਖਾਲਸਾ ਜੀ ਨੇ ਅਮਰੀਕਾ ਦੇ ਸ਼ਹਿਰ ਨੋਰਵਿਚ ਰੱਖਿਆ ਹੈ। ਕਲੀਨਿਕ ਡਰਾਈਵ ਤੇ ਇਕ ਮੰਜ਼ਲਾ ਇਮਾਰਤ ਵਿਚਲੀ ਹਰ ਕੰਧ ਉੱਤੇ ਸਿੱਖ ਇਤਿਹਾਸ ਕਲਾਕ੍ਰਿਤਾਂ ਦੇ ਰੂਪ 'ਚ ਜੀਵੰਤ ਹੋਇਆ ਨਜ਼ਰ ਆਉਂਦਾ ਹੈ, ਪਰ ਇਹ ਉਦੋਂ ਸੰਭਵ ਹੁੰਦਾ ਹੈ ਜਦੋਂ ਇਕ ਕਲਾਕਾਰ ਇਤਿਹਾਸ ਨੂੰ ਆਪੇ 'ਚੋਂ ਗੁਜ਼ਾਰ ਰੰਗਾਂ ਦੀ ਦੁਨੀਆ 'ਚ ਉਤਾਰਦਾ ਹੈ ਤਾਂ ਇਕ ਤਰ੍ਹਾਂ ਉਹ ਇਤਿਹਾਸ ਦਾ ਚਿਤਰ-ਸਿਰਜਣਾ ਕਰਦਾ ਹੈ।




ਸਿੱਖ ਆਰਟ ਗੈਲਰੀ ਦੇ ਸਿਰਜਣਾਤਮਕ ਨਿਰਦੇਸ਼ਕ ਸਵਰਨਜੀਤ ਸਿੰਘ ਖਾਲਸਾ ਆਪਣੀ ਨੋਰਵਿਚ ਗੈਲਰੀ ਵਿਚ ਪਹਿਲੇ ਵਿਸ਼ਵ ਯੁੱਧ ਦੇ ਸਿੱਖ ਸੈਨਿਕਾਂ ਦੀ ਪੇਂਟਿੰਗ ਦਿਖਾਉਂਦੇ ਹੋਏ।

ਇਹ ਸਿੱਖ ਆਰਟ ਗੈਲਰੀ ਪੂਰਬੀ ਕਨੈਕਟੀਕਟ ਦੇ ਸਭ ਤੋਂ ਵਿਭਿੰਨ ਸ਼ਹਿਰਾਂ ਵਿਚੋਂ ਇਕ ਹੈ, ਜੋ ਸਿੱਖ ਸੱਭਿਆਚਾਰ ਦੀ ਰੂਹ ਮੰਨੀ ਜਾਂਦੀ ਹੈ ਜੋ ਨਵੰਬਰ 2020 ਵਿਚ ਮਹਾਂਮਾਰੀ ਦੇ ਮੱਧ ਵਿਚ ਬਣਾਈ ਗਈ ਸੀ। ਇਸ ਗੈਲਰੀ ਦੇ ਮਾਲਕ ਅਤੇ ਸਿਰਜਣਾਤਮਕ ਨਿਰਦੇਸ਼ਕ ਸਵਰਨਜੀਤ ਸਿੰਘ ਖਾਲਸਾ ਨੇ ਕਿਹਾ, "ਕਲਾ ਇਕ ਅਜਿਹਾ ਮਾਧਿਅਮ ਹੈ ਜੋ ਲੋਕਾਂ ਦੇ ਦਿਲਾਂ ਨੂੰ ਜੋੜ ਸਕਦੀ ਹੈ ਅਤੇ ਉਨ੍ਹਾਂ ਨੇ ਕਲਾਤਮਕ ਮਾਧਿਅਮ ਰਾਹੀਂ ਲੋਕਾਂ ਦੇ ਦਿਲਾਂ ਨੂੰ ਜੋੜਨ ਦੀ ਕੋਸ਼ਿਸ਼ ਕੀਤੀ ਹੈ।" ਸਵਰਨਜੀਤ ਸਿੰਘ ਖਾਲਸਾ, ਜੋ ਕਿ ਨੋਰਵਿਚ ਟਾਊਨ ਵਿੱਚ ਇੱਕ ਗੈਸ ਸਟੇਸ਼ਨ ਦਾ ਮਾਲਕ ਵੀ ਹੈ, ਉਹ ਗਿਆਰਾਂ ਸਾਲ ਪਹਿਲਾਂ ਇਥੇ ਆਇਆ ਤੇ ਉਸ ਸਿੱਖ ਇਤਿਹਾਸ ਨੂੰ ਕਲਾ ਦੇ ਰੂਪ ਵਿੱਚ ਸੰਭਾਲ ਕੇ ਰੱਖਣ ਦਾ ਆਪਣਾ ਇੱਕ ਮਿਸ਼ਨ ਬਣਾ ਲਿਆ ਤਾਂ ਜੋ ਉਸ ਖਿੱਤੇ ਵਿਚ ਰਹਿੰਦੇ ਪੰਜਾਬੀਆਂ ਨੂੰ ਪੰਜਾਬ ਦੀ ਵਿਰਾਸਤ ਅਤੇ ਇਤਿਹਾਸ ਨਾਲ ਜੋੜਿਆ ਜਾਵੇ। ਖ਼ਾਲਸਾ ਦੀਆਂ ਇਨ੍ਹਾਂ ਕਲਾ-ਕੋਸ਼ਿਸ਼ਾਂ ਬਾਰੇ ਸਿਟੀ ਕੌਂਸਲ ਦੇ ਮੈਂਬਰ ਡੈਰੇਲ ਵਿਲਸਨ ਨੇ ਕਿਹਾ, "ਨੋਰਵਿਚ ਸ਼ਹਿਰ ਵਿੱਚ ਵੱਖੋ-ਵੱਖ ਭਾਈਚਾਰਿਆਂ ਦੀਆਂ ਸੱਭਿਆਚਾਰਕ ਤਸਵੀਰਾਂ ਵੇਖੀਆਂ ਜਾ ਸਕਦੀਆਂ ਹਨ ਪਰ ਸਿੱਖ ਕੌਮ ਦੀਆਂ ਵੱਖ-ਵੱਖ ਕਲਾ ਕ੍ਰਿਤੀਆਂ ਦਾ ਗਿਆਨ ਕਮਿਊਨਿਟੀ ਨੂੰ ਵਿਰਾਸਤ ਅਤੇ ਸੱਭਿਆਚਾਰ ਦੀ ਪ੍ਰਦਰਸ਼ਨੀ ਰਾਹੀਂ ਅਨੋਖੇ ਢੰਗ ਨਾਲ ਜੋੜੀ ਰੱਖਣਾ ਇੱਕ ਕਾਬਲੇ ਤਾਰੀਫ਼ ਕੰਮ ਮੰਨਿਆ ਗਿਆ ਹੈ।"

ਇਹ ਗੈਲਰੀ ਇਕ ਸਰੋਤ ਕੇਂਦਰ ਅਤੇ ਅਜਾਇਬ ਘਰ ਹੈ ਜੋ ਕਿ ਸਿੱਖ ਸਭਿਆਚਾਰ ਅਤੇ ਵਿਰਾਸਤ ਨੂੰ ਸਮਰਪਿਤ ਹੈ। 1 ਨਵੰਬਰ ਨੂੰ ਇਸ ਦਾ ਉਦਘਾਟਨ 1984 ਦੇ ਸਿੱਖ ਨਸਲਕੁਸ਼ੀ ਦੇ 36ਵੇਂ ਯਾਦਗਾਰੀ ਸਮਾਰੋਹ ਵੇਲੇ ਹੋਇਆ ਸੀ, ਜਦੋਂ ਪੂਰੇ ਭਾਰਤ ਵਿਚ ਹਜ਼ਾਰਾਂ ਸਿੱਖ ਮਾਰੇ ਗਏ ਸਨ। ਸਵਰਨਜੀਤ ਸਿੰਘ ਖ਼ਾਲਸਾ ਦੀ ਸੋਚ ਸੀ ਕਿ ਸਿੱਖ ਇਤਿਹਾਸ ਨੂੰ ਆਪਣੀ ਰੂਹ ਦੇ ਅਨੁਸਾਰ ਲੋਕਾਂ ਸਾਹਮਣੇ ਪ੍ਰਗਟ ਕਰ ਸਕੇ ਇਸ ਲਈ ਉਹ ਹਮੇਸ਼ਾ ਕਨੈਕਟੀਕਟ ਵਿਚ ਇਕ ਜਗ੍ਹਾ ਚਾਹੁੰਦਾ ਸੀ, ਜਿੱਥੇ ਉਹ ਆਪਣੀ ਕੌਮ ਦੀ ਕਹਾਣੀ ਦਾ ਕਲਾ-ਬਿਰਤਾਂਤ ਸਿਰਜ ਸਕੇ ਤੇ ਇਸ ਬਿਰਤਾਂਤ

ਜ਼ਰੀਏ ਕੌਮੀ ਪਨੀਰੀ ਨੂੰ ਉਸਦੇ ਵਿਰਸੇ ਦੀ ਜਾਗ ਲਾ ਸਕੇ ਤੇ ਇਸਦੇ ਨਾਲ ਹੀ ਉਸ ਵਿਚ ਸਿੱਖ ਇਤਿਹਾਸਕ ਚੇਤਨਾ ਦੇ ਨਾਲ ਨਾਲ ਕਲਾ ਚੇਤਨਾ ਦਾ ਵੀ ਪਸਾਰ ਹੋ ਸਕੇ। ਇਸ ਲਈ ਖਾਲਸਾ ਵਲੋਂ ਲਾਇਬ੍ਰੇਰੀਆਂ ਤੇ ਹੋਰ ਜਨਤਕ ਥਾਵਾਂ ਤੇ ਪ੍ਰਦਰਸ਼ਨੀਆਂ ਲਾਉਣ ਦੀ ਵੀ ਯੋਜਨਾ ਹੈ। ਇਹ ਕਲਾ ਗੈਲਰੀ 600-ਵਰਗ ਫੁੱਟ ਦੇ ਦੌਰਾਨ, ਯਾਤਰੀਆਂ ਨੂੰ ਪੰਜਾਬ ਦੇ ਇਤਿਹਾਸ ਦੀ ਇਕ ਵਿੱਦਿਅਕ ਟਾਈਮਲਾਈਨ ’ਤੇ ਲੈ ਜਾਂਦੀ ਹੈ ਜਿਸ ਵਿਚ ਪੰਜਾਬ-ਪੰਜਾਬੀਅਤ ਦੀ ਵਿਲੱਖਣ ਵਿਰਾਸਤ ਵਿੱਚ - ਸਿੱਖ ਝੰਡਾ ਕੀ ਦਰਸਾਉਂਦਾ ਹੈ, ਸਿੱਖ ਪਛਾਣ ਦਾ ਮਸਲਾ ਕੀ ਹੈ, ਸਿੱਖ ਰਵਾਇਤਾਂ ਕੀ ਹਨ, ਸਿੱਖ ਸੰਘਰਸ਼ ਦੇ ਰਾਹ ਕਿਉਂ ਪਏ ਅਤੇ ਮਨੁੱਖੀ ਅਧਿਕਾਰਾਂ ਅਤੇ ਸਮਾਜਿਕ ਨਿਆਂ ਲਈ ਸਿੱਖ ਗੁਰੂਆਂ ਦੀਆਂ ਕੁਰਬਾਨੀਆਂ ਦਾ ਅਨੁਭਵ ਕਿਵੇਂ ਕੀਤਾ ਜਾ ਸਕਦਾ ਹੈ? ਇਨ੍ਹਾਂ ਸਭ ਦੀ ਸਮੁੱਚੀ ਜਾਣਕਾਰੀ ਇੱਕ ਕਲਾ ਦੇ ਰਾਹੀਂ ਇਸ ਗੈਲਰੀ ਵਿੱਚ ਸਮੋਈ ਹੋਈ ਹੈ। ਖਾਲਸਾ ਨੇ ਕਿਹਾ ਸਿੱਖ ਕਦਰਾਂ-ਕੀਮਤਾਂ ਅਤੇ ਅਮਰੀਕੀ ਸੰਵਿਧਾਨ ਦਾ ਆਪਸੀ ਸਬੰਧ ਧਾਰਮਿਕ ਆਜ਼ਾਦੀ, ਬਰਾਬਰੀ ਅਤੇ ਸਮਾਜਿਕ ਨਿਆਂ ’ਤੇ ਕੇਂਦ੍ਰਤ ਹੈ ਜੋ ਇਹ ਸੰਦੇਸ਼ ਦਿੰਦਾ ਹੈ ਕਿ ਅਸੀਂ ਆਪਣੀ ਵਿਲੱਖਣਤਾ ਦਾ ਸਤਿਕਾਰ ਕਰਦੇ ਹਾਂ ਅਤੇ ਇਸ ਨੂੰ ਅਪਨਾਉਂਦੇ ਵੀ ਹਾਂ। ਇਸ ਕਲਾ ਗੈਲਰੀ ਦੀ ਸਭ ਤੋਂ ਵੱਡੀ ਖਾਸੀਅਤ ਇਹ ਹੈ ਕਿ ਇਸ ਵਿਚ ਸਿੱਖ ਧਰਮ ਬਾਰੇ ਦੱਸ ਅਲੱਗ ਅਲੱਗ ਭਾਸ਼ਾਵਾਂ ਵਿਚ ਬਰੋਸ਼ਰ ਉਪਲੱਬਧ ਹਨ, ਇਸ ਤੋਂ ਇਲਾਵਾ ਵੱਖ-ਵੱਖ ਭਾਸ਼ਾਵਾਂ ਵਿਚ ਇਕ ਬਹੁ-ਭਾਸ਼ਾਈ ਸਵਾਗਤੀ ਸੰਕੇਤ ਦੀ ਜੋ ਤਸਵੀਰ ਲੱਗੀ ਹੋਈ ਹੈ ਉਹ ਜੋ ਕਿ ਸਭ ਦਾ ਧਿਆਨ ਖਿੱਚਦੀ ਹੈ।




**ਚਿੱਤਰਕਾਰ ਸਵਰਨਜੀਤ ਸਿੰਘ ਖਾਲਸਾ ਸਵਾਗਤੀ ਸੰਕੇਤ ਦੇ ਨਾਲ**



ਇਸ ਸਭ ਦੇ ਨਾਲ ਹੀ ਸਿੱਖ ਇਤਿਹਾਸ ਵਿਚ ਸਿੱਖ ਬੀਬੀਆਂ ਦੀ ਭੂਮਿਕਾ ਅਤੇ ਯੁੱਧ ਵਿੱਚ ਨੁਮਾਇੰਦਗੀ ਕਰਨ ਵਾਲੀ ਕਲਾਕਾਰੀ ਨਾਲ ਸਬੰਧਿਤ ਕਿਤਾਬਾਂ, ਇਤਿਹਾਸਿਕ ਲੇਖਾਂ ਅਤੇ ਹੋਰ ਅਨੇਕਾਂ ਮਹੱਤਵਪੂਰਨ ਮਤਿਆਂ ਦੇ ਦਸਤਾਵੇਜ਼ਾਂ ਦੇ ਭਾਗ ਵੀ ਇਸ ਵਿੱਚ ਉਪਲੱਬਧ ਹਨ। ਇਸ ਸਭ ਵਿਚ ਅਨੇਕਾਂ ਕਲਾਕਾਰਾਂ ਨੇ ਆਪਣੀ ਵੱਖੋ-ਵੱਖਰੀ ਭੂਮਿਕਾ ਨਿਭਾਈ ਹੈ ਜਿਸ ਵਿਚ ਕੈਨੇਡਾ, ਰੂਸ, ਜਰਮਨੀ ਅਤੇ ਯੂਐਸਏ ਦੇ ਕਲਾਕਾਰ ਸ਼ਾਮਲ ਹਨ। ਸਵਰਨਜੀਤ ਸਿੰਘ ਖ਼ਾਲਸਾ ਦਾ ਕਹਿਣਾ ਹੈ ਕਿ ਉਹ ਆਨਲਾਈਨ ਖੋਜ ਕਰ ਕੇ ਹੋਰ ਵੀ ਸਥਾਨਕ ਕਲਾਕਾਰਾਂ ਨੂੰ ਇਸ ਨਾਲ ਜੋੜਨ ਦੀ ਉਮੀਦ ਵਿੱਚ ਹਨ। ਸਿੱਖੀ ਸਰੂਪ ਦੀ ਇਹ ਆਰਟ ਗੈਲਰੀ ਸ਼ਾਨਦਾਰ ਅਤੇ ਸਿਖ ਕੌਮ ਦੇ ਇਤਿਹਾਸ ਬਾਰੇ ਮਹੱਤਵਪੂਰਨ ਜਾਣਕਾਰੀ ਪ੍ਰਾਪਤ ਕਰਵਾਉਂਦੀ ਹੈ।

ਪ੍ਰਸਤੁਤ ਗੈਲਰੀ ਵਿਚ ਗੁਰੂ ਸਾਹਿਬਾਨ, ਮਹਾਰਾਜਾ ਰਣਜੀਤ ਸਿੰਘ, ਕੁੰਵਰ ਦਲੀਪ ਸਿੰਘ, ਸ੍ਰੀ ਅਕਾਲ ਤਖਤ ਸਾਹਿਬ ਸਮੇਤ ਸਿੱਖ ਸੂਰਬੀਰਾਂ ਤੇ ਕੌਮੀ ਸਾਕਿਆਂ ਦਾ ਕਲਾਕਾਰ ਖਾਲਸਾ ਨੇ ਬਿਹਤਰ ਚਿਤਰਨ ਕੀਤਾ ਹੈ ਤੇ ਉਸ ਦੀ ਇਹ ਵੀ ਖਾਹਸ਼ ਹੈ ਕਿ ਉਸਦੀ ਇਸ ਕਲਾ ਦਾ ਜੇ ਕੋਈ ਹੋਰ ਅਦਾਰਾ ਕਿਸੇ ਵੀ ਤਰ੍ਹਾਂ ਪ੍ਰਦਰਸ਼ਨ ਕਰਨਾ ਚਾਹੇਂ ਤਾਂ ਉਹ ਹਰ ਤਰ੍ਹਾਂ ਸਹਿਯੋਗ ਕਰਨ ਨੂੰ ਤਿਆਰ ਹੈ। ਉਸਦੀ ਕੋਸ਼ਿਸ਼ ਇਹ ਹੈ ਕਿ ਕਲਾ ਨੂੰ ਸਾਡੇ ਵਿੱਦਿਅਕ ਅਦਾਰਿਆਂ ਦੇ ਪਾਠ-ਕ੍ਰਮ ਦਾ ਨਿੱਗਰ ਹਿੱਸਾ ਬਣਨਾ ਚਾਹੀਦਾ ਹੈ। ਅਖੀਰ ਵਿਚ ਇਹ ਕਹਿ ਸਕਦੇ ਹਾਂ ਸਵਰਨਜੀਤ ਸਿੰਘ ਖ਼ਾਲਸਾ ਦੀ ਇਹ ਆਰਟ ਗੈਲਰੀ ਸੰਸਾਰ ਭਰ ਵਿਚ ਰਹਿੰਦੇ ਸਿੱਖ ਭਾਈਚਾਰੇ ਲਈ ਇੱਕ ਪ੍ਰੇਰਨਾ ਸਰੋਤ ਹੈ ਜੋ ਕਿ ਸਿੱਖ ਇਤਿਹਾਸ ਤੇ ਸੱਭਿਆਚਾਰ ਨੂੰ ਆਪਣੀ ਆਉਣ ਵਾਲੀਆਂ ਪੀੜ੍ਹੀਆਂ ਲਈ ਫ਼ਖ਼ਰ ਦੀ ਸੌਗਾਤ ਦੇ ਰੂਪ ਵਿਚ ਸਮਰਪਿਤ ਕਰਦਾ ਹੈ।


---

* ਖੋਜਾਰਥੀ, ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ...

# ਗਈ ਬਹੋੜ

(ਗ੍ਰਿਹਸਤ-ਉਦਾਸ ਆਦਰਸ਼)




ਉਹਦੇ ਸੇਵਕ ਸਾਧਾਂ, ਅਤਿੱਥੀਆਂ ਨੂੰ ਅੰਨ ਖੁਆ ਰਹੇ ਸਨ। ਇਹ ਤਪਸੀ ਭੀ ਓਥੇ ਜਾ ਖਲਾ ਹੋਇਆ, ਪਰ ਇਸ ਨੂੰ ਕਿਸੇ ਨਾ ਪੁੱਛਿਆ। ਤਪਸੀ ਭੁੱਖੇ ਦਾ ਭੁੱਖਾ ਕੁਟੀਆ ਵਿਚ ਆ ਬੈਠਾ। ਅੱਧੀ ਰਾਤ ਨੂੰ ਤਪਸੀ ਨੇ ਕੀਹ ਡਿੱਠਾ ਕਿ ਦੋ ਦੂਤ ਆ ਰਹੇ ਹਨ, ਹੱਥ ਮਸ਼ਾਲਾਂ ਫੜੀਆਂ ਹਨ, ਓਹ ਦੂਤ ਤਪਸੀ ਨੂੰ ਆਕੇ ਕਹਿਣ ਲੱਗੇ, 'ਹੇ ਜੋਗੀ! ਉਠ ਸਾਡੇ ਨਾਲ ਚੱਲ ਜੋ ਉਸ ਸ਼ਾਹੂਕਾਰ ਦਾ ਘਰ ਸਾੜ ਆਵੀਏ, ਜਿਸ ਤੈਨੂੰ ਅੱਜ ਅਹਾਰ ਨਹੀਂ ਦਿੱਤਾ। ਅਸੀਂ ਦੇਵਤਿਆਂ ਦੇ ਦੂਤ ਹਾਂ ਤੇ ਇਸ ਕਾਰਜ ਵਿਚ ਤੇਰੀ ਸਹਾਇਤਾ ਨੂੰ ਆਏ ਹਾਂ'। ਤਾਂ ਤਪਸੀ ਨੇ ਇਕ ਮਸਾਲ ਉਨ੍ਹਾਂ ਤੋਂ ਲੈਕੇ ਉਨ੍ਹਾਂ ਵਲ ਉਲਾਰੀ ਜੋ ਦੋਹਾਂ ਨੂੰ ਸਾੜੇ ਤਾਂ ਓਹ ਪਰੇ ਹਟ ਖਲੋਤੇ ਤੇ ਆਖਣ ਲੱਗੇ 'ਇਹ ਕੀਹ ਕਰਦੇ ਹੋ?' ਤਪਸੀ ਨੇ ਕਿਹਾ, 'ਮੈਂ ਅਤੀਤ ਸਾਧੂ ਹਾਂ, ਰਾਗ ਦ੍ਵੈਖ ਜਿੱਤੀ ਹੈ। ਮੇਰਾ ਕਿਸੇ ਨਾਲ ਵੈਰ ਨਹੀਂ। ਉਸ ਸ਼ਾਹ ਨਾਲ ਵੀ ਮੇਰਾ ਵੈਰ ਕੋਈ ਖਾਸ ਨਹੀਂ, ਮੈਂ ਉਸ ਨੂੰ ਕਿਉਂ ਸਾੜਾਂ। ਉਸ ਦਾ ਵੀ ਮੇਰੇ ਨਾਲ ਕੋਈ ਵੈਰ ਨਹੀਂ ਸੀ ਜੋ ਉਸ ਨੇ ਮੈਨੂੰ ਵੈਰ ਕਰਕੇ ਅੰਨ ਨਹੀਂ ਦਿੱਤਾ। ਮੇਰਾ ਸਿਦਕ ਇਹ ਹੈ ਕਿ ਸਾਰੇ ਭਗਵੰਤ ਦੀ ਲੀਲਾ ਹੈ ਜੋ ਸਭ ਦਾ ਪ੍ਰੇਰਕ ਹੈ। ਜੇ ਉਹ ਉਸ ਸ਼ਾਹ ਦੇ ਅੰਦਰ ਜਾਂ ਉਸ ਦੇ ਸੇਵਕਾਂ ਦੇ ਅੰਦਰ ਪ੍ਰੇਰਨਾ ਕਰ ਦੇਂਦਾ ਤਾਂ ਉਹ ਮੈਨੂੰ ਅੰਨ ਦੇ ਦੇਂਦੇ। ਜਿਨ੍ਹਾਂ ਨੂੰ ਪ੍ਰੇਰਨਾ ਨਹੀਂ ਹੋਈ ਓਹ ਬੇਕਸੂਰ ਹਨ। ਉਨ੍ਹਾਂ ਨੂੰ ਕਿਉਂ ਦੰਡ ਦਿੱਤਾ ਜਾਵੇ। ਮੈਨੂੰ ਭਰੇ ਘਰੋਂ ਖਾਲੀ ਮੁੜਨਾ ਪਿਆ ਹੈ ਇਹ ਬੀ ਭਗਵੰਤ ਦੀ ਲੀਲਾ ਹੈ, ਉਸ ਦਾ ਚੋਜ ਹੈ, ਇਸ ਰਜ਼ਾ ਵਿਚ ਰਾਜ਼ੀ ਰਹਿਣਾ ਮੇਰਾ ਧਰਮ ਹੈ। ਜਾਓ ਮੁੜ ਜਾਓ, ਦੇਵਤਿਆਂ ਨੂੰ ਕਹਿ ਦਿਓ ਕਿ ਮੇਰੀ ਖਾਤਰ ਕਿਸੇ ਦੇ ਨਾਲ ਬੁਰਾ ਨਾ ਕਰੋ'। ਸੋ ਨੀਂਗਰਾ, ਨੰਦ ਸਿੰਘਾ! ਇਹ ਹਈ ਆਦਰਸ਼ ਤਜਾਗ ਦਾ। ਤਜਾਗੀ ਹੋਵੇ ਤਾਂ ਇਸ ਤਰ੍ਹਾਂ ਦਾ ਨਿਰਵੈਰ, ਰਾਗ ਦ੍ਵੈਸ਼ਾਂ ਤੋਂ ਅਤੀਤ ਹੋਵੇ, ਐਤਨਾ ਬਲ ਪਾਕੇ ਕਿ ਦੇਵਤੇ ਉਸ ਤੋਂ ਚਿੜਨ, ਓਹ ਪਯਾਰ ਤੇ ਖਿਮਾ ਦੇ ਘਰ ਵੱਸੇ। ਹੁਣ ਇਕ ਹੋਰ ਕਹਾਣੀ ਸੁਣ ਜੋ ਗ੍ਰਿਹਸਤ ਦੇ ਆਦਰਸ਼ ਦਾ ਪਤਾ ਦੇਵੇਗੀ। ਇਕ ਬਨ ਵਿਚ ਸੰਘਣੀਂ ਛਾਉਂ ਵਾਲਾ ਬ੍ਰਿਛ ਸੀ। ਉਸ ਉਤੇ ਇਕ ਪੰਛੀਆਂ ਦਾ ਜੋੜਾ ਰਹਿੰਦਾ ਸੀ। ਇਕ ਸੰਝਾਂ ਨੂੰ ਇਕ ਜਾਲੀ ਬਨ ਵਿਚੋਂ ਸਰਦੀ ਮੀਂਹ ਦਾ ਮਾਰਿਆ ਓਥੇ ਆ ਨਿਕਲਿਆ। ਸਾਰਾ ਦਿਨ ਬਨ ਵਿਚ ਭਉਂਦੇ ਨੂੰ ਕੋਈ ਸ਼ਿਕਾਰ ਹੱਥ ਨਹੀਂ ਸੀ ਆਇਆ। ਜਾਂ ਰੁੱਖ ਹੇਠ ਆਕੇ ਬੈਠਾ ਤਾਂ ਸੀਤ ਨਾਲ ਕੰਬੇ ਤੇ ਭੁੱਖ ਨਾਲ ਘਬਰਾਵੇ, ਤਾਂ ਪੰਛੀ ਨੇ ਅਤਿੱਥੀ ਆਇਆ ਜਾਣ ਕੇ ਉਸ ਦੀ ਸੇਵਾ ਕਰਨੀ ਚਾਹੀ। ਸੋ ਪੰਛੀ ਉਡਿਆ ਅਰ ਇਕ ਅਯਾਲੀ ਦੀ ਧੂਣੀ ਪਾਸੋਂ ਇਕ ਧੁਖਦੀ ਮੇਂਗਣ ਚਾ ਲਿਆਇਆ ਤੇ ਜਾਲੀ ਦੇ ਅੱਗੇ ਰੱਖ ਦਿੱਤੀ। ਫਿਰ ਉਪਰੋਂ ਆਲ੍ਹਣੇ ਦੇ ਕੁਛ ਕੱਖ ਚਾ ਹੇਠਾਂ ਸਿੱਟੇ। ਜਾਲੀ ਨੇ ਇਸ ਤਰ੍ਹਾਂ ਅੱਗ ਧੁਖਾ ਲਈ ਤੇ ਲਕੜਾਂ ਚੁਣਕੇ ਭਾਂਬੜ ਬਾਲ ਲਿਆ ਤੇ ਨਿੱਘਾ ਹੋ ਗਿਆ। ਹੁਣ ਪੰਛੀ ਦੀ ਅਰਧੰਗੀ ਨੇ ਵਿਚਾਰਿਆ ਕਿ ਅਤਿੱਥੀ ਭੁੱਖਾ ਹੈ ਤੇ ਘਰ ਆਏ ਦੀ ਸੇਵਾ ਕਰਨੀ ਗ੍ਰਿਹਸਤੀ ਦਾ ਧਰਮ ਹੈ। ਅਸੀਂ ਇਸ ਨੂੰ ਕੀਹ ਅਹਾਰ ਦੇਵੀਏ। ਸਾਡੇ ਪਾਸ ਅੰਨ ਨਹੀਂ ਹੈ ਤੇ ਹੋਰ ਵੀ ਕੁਛ ਨਹੀਂ ਹੈ ਤਾਂਤੇ ਆਪਾ ਵਾਰੀਏ। ਇਹ ਵੀਚਾਰ ਕੇ ਉਹ ਉਡ ਕੇ ਆਪ ਭਾਂਬੜ ਵਿਚ ਡਿੱਗੀ। ਜਾਲੀ ਨੇ ਉਸਨੂੰ ਕੁਦਰਤ ਵਲੋਂ ਸਹਾਇਤਾ ਸਮਝਕੇ ਭਾਂਬੜ ਵਿਚੋਂ ਕੱਢਿਆ ਤੇ ਕੱਚੀ ਭੁੰਨੀ ਜਿਹੀ ਉਹ ਹੋ ਗਈ ਸੀ ਖਾ ਲਈ, ਪਰ ਉਸਦਾ ਢਿੱਡ ਇੰਨੇ ਕੁ ਮਾਸ ਨਾਲ ਕੀਹ ਭਰਨਾ ਸੀ। ਇਹ ਵੇਖਕੇ ਪੰਛੀ ਬੀ ਅੱਗ ਵਿਚ ਆ ਡਿੱਗਾ ਜੋ ਅਤਿੱਥੀ ਦਾ ਪੂਰਾ ਪੇਟ ਭਰ ਜਾਏ। ਇਹ ਦੇਖ ਕੇ ਜਾਲੀ ਨੂੰ ਹੋਸ਼ ਆ ਗਈ ਤੇ ਉਸ ਪਰਖ ਲਿਆ ਕਿ ਇਹ ਕੋਈ ਭਗਤ ਪੰਛੀ ਹਨ, ਜਿਨ੍ਹਾਂ ਨੇ ਮੇਰੇ ਸੁਖ ਲਈ ਆਪਣੀਆਂ ਜਾਨਾਂ ਵਾਰੀਆਂ ਹਨ। ਮੈਂ ਬੜਾ ਪਾਪੀ ਹਾਂ ਜੋ ਮੇਰੇ ਪਿੱਛੇ ਇਹ ਹੱਤਿਆ ਹੋਈ ਹੈ। ਇਸ ਤਰ੍ਹਾਂ ਉਸਨੂੰ ਵੈਰਾਗ ਹੋ ਗਿਆ, ਲੱਗਾ ਪਸ਼ਚਾਤਾਪ ਕਰਨ ਤੇ ਬੇਨਤੀਆਂ ਅਰਦਾਸੇ ਕਰਨ, ਕਿ ਮੇਰੇ ਅਪ੍ਰਾਧ ਖਿਮਾ ਹੋਣ। ਸੋ ਇਨ੍ਹਾਂ ਦੇ ਧਰਮ ਕਰਕੇ ਉਸਦਾ ਵੀ ਨਿਸਤਾਰਾ ਹੋ ਗਿਆ।'

ਨਰੋਤਮ ਸਿੰਘ- ਸ੍ਰੀ ਜੀਓ! ਇਹ ਜੋ ਆਪ ਨੇ ਸ੍ਰੀ ਗੁਰੂ ਜੀ ਦੀਆਂ ਕਹੀਆਂ ਕਹਾਣੀਆਂ ਸੁਣਾਈਆਂ ਹਨ, ਠੀਕ ਇਸੇ ਤਰ੍ਹਾਂ ਹੋਈਆਂ ਹਨ?

ਸੰਤ- ਸਿੰਘ ਜੀ! ਉਪਦੇਸ਼ ਜੋ ਕਰੀਦਾ ਹੈ ਉਸ ਵਿਚ ਕਈ ਗੱਲਾਂ ਵਰਤੀਦੀਆਂ ਹਨ। ਜਿਨ੍ਹਾਂ ਵਿਚੋਂ ਇਕ ਨੂੰ ਨਿਦਰਸ਼ਨ ਕਹੀਦਾ ਹੈ, ਦ੍ਰਿਸ਼ਟਾਂਤ ਵੀ ਆਖ ਲੈਂਦੇ ਹਨ। ਨਿਦਰਸ਼ਨ ਵਿਚ ਕਿਸੇ ਅਸੂਲ ਨੂੰ ਇਕ ਕਹਾਣੀ ਦੇ ਢੰਗ ਵਿਚ ਕਹੀਦਾ ਹੈ। ਕਹਾਣੀ ਕਿਉਂਕਿ ਇਨਸਾਨ ਦੀ ਵਿੱਦਜਾ ਪ੍ਰਾਪਤੀ ਦਾ ਸਭ ਤੋਂ ਪਹਿਲਾ ਢੰਗ ਸੀ ਅਰ ਆਮ ਦਿਲਾਂ ਤੇ ਇਸ ਨਾਲ ਅਸੂਲ ਦੀ ਸਮਝ ਸੁਖੈਨ ਪੈ ਜਾਂਦੀ ਹੈ, ਇਸਨੂੰ ਹੁਣ ਤਕ ਸਾਰੇ ਵਰਤਿਆ ਜਾਂਦਾ ਹੈ। ਨਿਦਰਸ਼ਨ ਵਿਚੋਂ ਸਦਾ ਅਸੂਲ ਤੇ ਉਪਦੇਸ਼ ਦੇ ਸਾਰ ਨੂੰ ਸਮਝੀਦਾ ਹੈ, ਉਸਦੀ ਇਤਿਹਾਸਕ ਖੋਜ ਨਾਲ ਪ੍ਰਯੋਜਨ ਨਹੀਂ ਹੁੰਦਾ। ਹੁਣ ਇਨ੍ਹਾਂ ਦੋਹਾਂ ਕਥਾ ਵਿਚ ਇਹ ਅਸੂਲ ਦਰਸਾਇਆ ਗਿਆ ਹੈ ਕਿ ਜੋ ਅਤੀਤ ਰਹਿਕੇ ਵਾਹਿਗੁਰੂ ਪ੍ਰਾਪਤੀ ਦਾ ਯਤਨ ਕਰੇ, ਸੋ ਐਸਾ ਹੋਵੇ ਜੈਸਾ ਕਿ ਤਪਸੀ ਨੇ ਰਾਗ ਦ੍ਵੈਖ ਤੋਂ ਅਤੀਤ ਤੇ ਸਾਂਈਂ ਦੇ ਵਜਾਪਕ ਤੇ ਪ੍ਰੇਰਕ ਹੋਣ ਦਾ ਭਾਵ ਦਰਸਾਇਆ

ਹੈ ਅਤੇ ਤਿਆਗ ਦਾ ਪੂਰਾ ਰੂਪ ਵਿਖਾਇਆ ਹੈ। ਐਸੇ ਹੀ ਗ੍ਰਿਹਸਤੀ ਹੋਵੇ ਤਾਂ ਹਰ ਜੀਵ ਉਸਦੀ ਜੋਤਿ ਸਮਝਕੇ ਸੇਵਾ ਕਰੇ ਤੇ ਅਪਣੇ ਗ੍ਰਿਹਸਤ ਧਰਮ ਨੂੰ ਮੁੱਖ ਰਖੇ, ਜੋ ਇਹ ਹੈ ਕਿ ਸਾਂਈਂ ਦੀ ਲਿਵ ਵਿਚ ਰਹਿਣਾ, ਕਿਰਤ ਕਰਨੀ ਤੇ ਸਰਬੱਤ ਦਾ ਭਲਾ ਚਾਹੁਣਾ।

ਪੁਰਸ਼ੋਤਮ ਸਿੰਘ- ਪੰਛੀ ਦੇ ਜੀਵਨ ਤੋਂ ਸਰਬੱਤ ਦੇ ਭਲੇ ਦੀ ਸਮਝ ਤਾਂ ਆਈ ਪਰ ਸਾਂਈਂ ਪ੍ਰੇਮ ਤੇ ਕਿਰਤ ਦੀ ਸਮਝ ਕੀਕੂੰ ਪੈਂਦੀ ਹੈ?

ਸੰਤ- ਸਿੰਘ ਜੀ! ਜਿਸ ਢੰਗ ਨਾਲ ਇਹ ਸਮਝ ਪੈਂਦੀ ਹੈ ਉਸਨੂੰ ਧੁਨੀ ਕਹੀਦਾ ਹੈ। ਦੇਖੋ ਜਿਸ ਜੀਵ ਨੂੰ ਇਹ ਫੁਰਦਾ ਹੈ ਕਿ ਮੇਰੇ ਘਰ ਸ਼ਿਕਾਰੀ ਨਹੀਂ ਅਤਿੱਥੀ ਆਇਆ ਹੈ। ਉਹ ਉਚੇ ਭਾਵਾਂ ਵਾਲਾ ਹੈ ਜੋ ਕਿਸੇ ਦੇ ਅਵਗੁਣ ਨਹੀਂ ਚਿਤਾਰਦਾ ਤੇ ਸ੍ਵੈ ਧਰਮ ਨੂੰ ਚਿਤਾਰਦਾ ਹੈ। ਫਿਰ ਜੋ ਦੂਸਰੇ ਦੇ ਭਲੇ ਲਈ ਸਰੀਰ ਦੇ ਦੇਂਦਾ ਹੈ, ਉਸਦਾ ਮੋਹ ਤਨ ਤੋਂ ਉੱਠ ਚੁੱਕਾ ਹੈ, ਉਸਨੇ ਹਉਮੈਂ ਜਿੱਤੀ ਹੈ। ਉਸਨੂੰ ਮੈਂ 'ਅਮਰ ਹਾਂ' ਸਰੀਰ ਮਰਨ ਹਾਰ ਹੈ, ਮੈਂ ਸਰੀਰ ਨਹੀਂ ਹਾਂ, ਇਹ ਗਿਆਨ ਹੋ ਚੁਕਾ ਹੈ। ਇਹ ਅਵਸਥਾ ਲਿਵ ਵਾਲੇ ਬੰਦੇ ਨੂੰ ਪੈਦਾ ਹੁੰਦੀ ਹੈ ਤਾਂਤੇ ਓਹ ਪੰਛੀਆਂ ਦਾ ਜੋੜਾ ਲਿਵ ਲਾਏ ਬੰਦੇ ਦਾ ਨਮੂਨਾ ਹਨ। ਫਿਰ ਓਹ ਪੰਛੀ ਦੱਸੇ ਹਨ, ਉਪਜੀਵਕਾਂ ਉੱਦਮ ਨਾਲ ਟੋਰਦੇ ਹਨ, ਸਾਰਾ ਦਿਨ ਥਾਂ ਥਾਂ ਫਿਰਦੇ ਚੋਗਾ ਭਾਲ ਕੇ ਪੇਟ ਭਰਦੇ ਹਨ। ਉਸ ਅਤਿੱਥੀ ਦੀ ਸੇਵਾ ਲਈ ਉਸ ਵੇਲੇ ਉਦਮ ਕਰਕੇ ਦੂਰ ਜਾਕੇ ਅਗਨੀ ਲਿਆਉਂਦੇ ਹਨ। ਏਹ ਸਾਰੇ ਇਸ਼ਾਰੇ ਕਿਰਤ ਕਮਾਈ ਕਰਨ ਦੇ ਹਨ। ਸੋ ਭਾਈ ਭਾਵ ਅਰਥ ਯਾ ਧੁਨਜਾਤਮਕ ਅਰਥ ਇਹ ਹੈ ਕਿ ਗ੍ਰਿਹਸਤੀ ਹੋਵੇ ਤਾਂ ਲਿਵ ਵਾਲਾ ਹੋਵੇ ਭਾਵ ਨਾਮੀ ਪੁਰਖ ਹੋਵੇ। ਨਾਮ ਅੱਭਜਾਸ ਨਾਲ ਹਉਮੈਂ ਨੂੰ ਉਠਾ ਦੇਵੇ ਤੇ ਆਤਮ ਭਾਵ ਵਿਚ ਅੱਪੜੇ ਤੇ ਬਾਹਰਲੀ ਜਗਤ ਵਰਤੋਂ ਵਿਚ ਸਰਬੱਤ ਦਾ ਭਲਾ ਵੀਚਾਰੇ।

ਨਰੋਤਮ ਸਿੰਘ- ਭਲਾ ਜੀ, .......ਹਾਂ ਠੀਕ ਹੈ........ਹਾਂ ਜੀ, ਕਈ ਇਕ ਪੁਰਾਤਨ ਕਥਾ ਤੇ ਪ੍ਰਸੰਗ ਜੋ ਵਰਤੇ ਜਾਂਦੇ ਹਨ ਓਹ ਇਵੇਂ ਹੀ ਹਨ ਕਿ ਜਿਵੇਂ ਕਿਸੇ ਅਸੂਲ ਲਈ ਦ੍ਰਿਸ਼ਟਾਂਤ ਦੇਣਾ ਹੁੰਦਾ ਹੈ। ਜੈਸਾ ਕਿ ਆਪਨੇ ਹੁਣੇ ਦੱਸਿਆ ਹੈ।

ਸੰਤ ਜੀ- ਜੋ ਕਥਾ ਕਹਾਣੀਆਂ, ਪ੍ਰਸੰਗ ਸਰਬ ਸਾਧਾਰਣ ਵਿਚ ਪ੍ਰਚਲਤ ਹੋਣ ਉਹਨਾਂ ਦੇ ਦ੍ਰਿਸ਼ਟਾਂਤ ਵਜੋਂ ਵਰਤਿਆਂ ਉਹਨਾਂ ਦੇ ਅਸੂਲ ਛੇਤੀ ਸਮਝੇ ਪੈ ਜਾਂਦੇ ਹਨ, ਇਸ ਕਰਕੇ ਪ੍ਰਚਲਤ ਕਥਾਵਾਂ ਨੂੰ ਯਾ ਨਵੀਆਂ ਨਿਦਰਸ਼ਨਾਂ ਨੂੰ ਮਹਾਂਪੁਰਖ ਦ੍ਰਿਸ਼ਟਾਂਤ ਪ੍ਰਮਾਣ ਲਈ ਵਰਤ ਲਿਆ ਕਰਦੇ ਹਨ। ਇਹਨਾਂ ਗੱਲਾਂ ਤੋਂ ਘਬਰਾਈਦਾ ਨਹੀਂ, ਵਿਦਜਾ ਦੇ ਅਸੂਲਾਂ ਨੂੰ ਸਮਝੀਦਾ ਹੈ। ਇਹ ਵੀ ਯਾਦ ਰਹੇ ਕਿ ਪ੍ਰਚਲਤ ਕਥਾਵਾਂ ਦੀ ਪਿੱਠ ਪਿੱਛੇ ਕੋਈ ਇਤਿਹਾਸਕ ਵਾਕਿਆ ਵੀ ਕਈ ਵੇਰ ਹੁੰਦਾ ਹੈ ਜੋ ਸੰਖੇਪ ਹੋਕੇ ਦ੍ਰਿਸ਼ਟਾਂਤ ਮਾਤ੍ਰ ਟੁਰਿਆ ਰਹਿੰਦਾ ਹੈ। ਜਿਵੇਂ ਮਤ੍ਰੇਈ ਮਾਂ ਦੀ ਬੋਲੀ ਨਾਲ ਧ੍ਰੂ ਦਾ ਭਗਤ ਹੋ ਜਾਣਾ। ਐਉਂ ਸਮਝੋ ਕਿ ਕਿਸੇ ਇਤਿਹਾਸਕ ਗਲ ਨੂੰ ਦਿਖਾਉਣ ਲਈ ਜਿਵੇਂ ਤਸਵੀਰ ਸਹਾਇਤਾ ਕਰਦੀ ਹੈ, ਤਿਵੇਂ ਦ੍ਰਿਸ਼ਟਾਂਤ ਪ੍ਰਮਾਣ ਅਸੂਲਾਂ ਦੇ ਧਜਾਨ ਕਰਨ, ਸਮਝਣ ਤੇ ਸਮਝਾਉਣ ਵਿਚ ਮਾਨੋਂ ਤਸਵੀਰ ਹੁੰਦੇ ਹਨ।

ਨਿਹਚਲ ਦਾਸ- ਠੀਕ। ਭਲਾ ਮਹਾਰਾਜ ਜੀ! ਫੇਰ ਪਿਛਲੀ ਕਥਾ ਦੀ ਲੜੀ ਨੂੰ ਲਈਏ ਤੇ ਦੱਸੀਏ ਕਿ ਨੰਦ ਸਿੰਘ ਨੇ ਅਤੀਤ ਮਾਰਗ ਚੁਣਿਆ ਕਿ ਗ੍ਰਿਹਸਤ?

ਸੰਤ ਬਿਮਲਾ ਸਿੰਘ ਜੀ- ਨੰਦ ਸਿੰਘ ਨੇ ਗ੍ਰਿਹਸਤ ਮਾਰਗ ਚੁਣਿਆ।

ਨਿਹਚਲ ਦਾਸ- ਜੀ ਕਿਉਂ।

ਸੰਤ ਜੀ- ਉਥੇ ਕਾਰਣ ਤਾਂ ਉਸਦੀ ਚੋਣ ਦਾ ਸਫੁੱਟ ਨਹੀਂ ਦੱਸਿਆ। ਇਹ ਗਲ ਉਸਨੇ ਕਹੀ ਹੈ ਕਿ ਮੈਂ ਆਲਸੀ ਹਾਂ, ਸੇਵਾ ਕਰਾਂਗਾ ਤਾਂ ਆਲਸ ਹਟੇਗਾ। ਫੇਰ ਥੋੜੀ ਸਾਖੀ ਉਸ ਦੇ ਦਰਿੱਦ੍ਰੀ ਹੋਣ ਦੀ ਪਿਛਲੇ ਜਨਮ ਦੀ ਆਉਂਦੀ ਹੈ। ਪਰ ਕਿਉਂ ਉਸ ਨੇ ਗ੍ਰਿਹਸਤ ਚੁਣਿਆ ਇਸ ਭਾਵ ਦੀ ਵੀਚਾਰ ਕਰਨ ਤੋਂ ਸਮਝ ਆ ਜਾਂਦੀ ਹੈ। ਅਤੀਤ ਦੇ ਆਦਰਸ਼ ਵਿਚ ਵੱਸਕੇ ਬਨ ਵਿਚ ਵੱਸਕੇ ਕਠਨ ਸਾਧਨ ਸਾਧ ਕੇ ਜਦ ਭੁੱਖ ਦੁੱਖ ਕੜਾਕੇ ਆਉਣ ਤਾਂ ਨਾਂ ਕੇਵਲ ਰੁੱਖਾਂ ਵਰਗੀ ਜੀਰਾਂਦ ਦਿਖਾਵੇ ਕਿ ਜੋ ਸਿਰ ਆਵੇ ਸਹੇ ਜੈਸਾ ਕਿ ਫਰੀਦ ਜੀ ਨੇ ਕਿਹਾ ਹੈ : ਸਗੋਂ ਪਰਾਏ ਭਲੇ ਇੰਨਾਂ ਹੋਵੇ ਕਿ ਕਿਸੇ ਨੂੰ ਦੁਖ ਨਾ ਪੁੱਜਣ ਦੇਵੇ। 'ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥' ਆਪ ਤਾਂ ਸੱਤ ਅੱਠ ਦਿਨ ਦਾ ਭੁੱਖਾ ਹੋਵੇ, ਭੁੱਖ ਕ੍ਰੋਧ ਦੀ ਮਾਂ ਹੈ, ਦੇਖੋ ਉਸ ਨੂੰ ਫੇਰ ਕ੍ਰੋਧ ਨਾ ਆਵੇ, ਸਗੋਂ ਦੇਵਤਿਆਂ ਦੇ ਕ੍ਰੋਧ ਨੂੰ ਠੰਢਾ ਕਰੇ। ਉਸਦਾ ਤਿਆਗ ਸਫਲ ਹੈ ਕਿ ਜਿਸਨੇ ਅੰਦਰੋਂ ਰਾਗ ਦ੍ਵੈਖ ਦਾ ਤਿਆਗ ਕੀਤਾ ਹੈ। ਨਿਰਾ ਘਰ ਬਾਰ ਦਾ ਤਿਆਗ ਕਰਕੇ ਬਨ ਜਾ ਬਸੇ ਪਰ ਰਾਗ ਦ੍ਵੈਖ ਕ੍ਰੋਧ ਆਦਿ ਨਾ ਤਿਆਗੇ, ਸਾਰੇ ਵਜਾਪਕ ਦਾ ਅਨੁਭਵ ਨਾ ਪਾਵੇ ਤੇ ਵਰਤੋਂ ਵਿਚ ਪ੍ਰੇਮ ਨਾ ਹੋਵੇ ਤਾਂ ਉਹ ਤਿਆਗ ਕਾਹਦਾ ਹੈ। ਸੋ ਨੰਦ ਸਿੰਘ ਨੇ ਵੀਚਾਰਿਆ ਕਿ ਮੈਂ ਜੇ ਸੇਵਾ ਕਰਾਂ ਤਾਂ ਮਨ ਸੁਖੈਨ ਹੀ ਸਾਫ ਹੋ ਜਾਵੇਗਾ, ਤਿਆਗ ਦੇ ਦੁੱਖ ਭੁੱਖ ਤੋਂ ਬਿਨਾਂ ਨਾਮ ਵਿਚ ਵੀ ਲਗਾ ਰਹਾਂਗਾ ਤੇ ਸਨੇ ਸਨੇ ਕਾਰਜ ਹੋ ਜਾਏਗਾ। ਉਹ ਦੇਖਦਾ ਸੀ ਕਿ ਮੇਰਾ ਮਨ ਤਪਸੀ ਵਰਗਾ ਨਹੀਂ ਹੈ ਪਰ ਜੇ ਸੇਵਾ ਵਿਚ ਲੱਗ ਪਿਆ ਤਾਂ ਵੈਸਾ ਹੋ ਜਾਣਾ ਅਸੰਭਵ ਨਹੀਂ, ਸੋ ਜਿਸ ਜੋਗ ਉਸ ਦੇ ਮਨ ਦੀ ਅਵਸਥਾ ਸੀ ਉਹ ਉਸ ਨੇ ਸਿਆਣ ਲਈ। ਬਾਣੀ ਦਾ ਰਸੀਆ ਹੋਣ ਕਰਕੇ ਉਸ ਨੂੰ ਸੱਚ ਦੀ ਸੋਝੀ ਸੀ ਹੀ। ਭਾਈ ਪਿਆਰਿਓ! ਗੁਰਬਾਣੀ ਗੁਰਮਤਿ ਦ੍ਰਿੜਾਉਂਦੀ ਹੈ ਤਾਂ ਪਹਿਲੀ ਗੁਰਮਤਿ ਹੈ 'ਸੱਚ' -ਆਪਣੇ ਆਪ ਨਾਲ ਅੰਦਰੋਂ ਬਾਹਰੋਂ ਸੱਚੇ ਹੋਣਾ। ਸੋ ਗੁਰਬਾਣੀ ਦੇ ਪ੍ਰੇਮੀ ਨੇ ਜਿਸ ਜੋਗ ਆਪਣੇ ਮਨ ਨੂੰ ਜਾਤਾ ਸੋ ਮਾਰਗ ਚੁਣ ਲਿਆ। ਤੇ ਜੋ ਵੈਰਾਗ ਸੀ ਸੋ ਉਸ ਨੇ ਇੰਜ ਪਾਲਿਆ ਕਿ ਗੁਰੂ ਕੇ ਹਜ਼ੂਰ ਰਹਿ ਪਿਆ ਤੇ ਸੇਵਾ ਵਿਚ ਲੱਗ ਪਿਆ ਤੇ ਇਸਤ੍ਰੀ ਬੀ ਨਾਲ ਸੇਵਾ ਵਿਚ ਲੱਗ ਪਈ।

**(ਚਲਦਾ)**

❖ ❖ ❖ ❖

# Seeking Perfection

❖ I. J. Singh

We humans like to rate and classify everything endlessly even our sins and virtues. I don't know much about the religions of others, or even my own. But the Roman Catholic Church, for example, seems to sort human failings and sins to the nth degree. Fortunately, Sikhi spares us such extreme accounting, although it often reminds us of our far from perfect nature and ways.

On my mind, today, is not our lapses; they are too numerous to track, but their inseparable connection to human virtues, whatever their number or divine origin, if any.

In our icons – whether, they be celebrities like Tiger Woods, Madonna or politicians like Joseph Stalin, Richard Nixon, or Indira Gandhi, even the Gandhi who went by the euphemistic title of Mahatma, or visionaries like Martin Luther King—what we admire most is their sense of ideals and idealism that comes to us almost as perfection. And then, often we are left flabbergasted, disappointed, and betrayed. Larger than life figures such as Jefferson, FDR, Jack Kennedy, many that I listed above with countless others—much admired, even deified or reviled by many—when we turn to their shortcomings, it turns out that all of them had feet of clay.

Matters don't seem much different in the realm of religion. One doesn't have to go as far back as the Borgias and Medicis to find Popes or preachers who were far from pious. In every religion, one can find a conga line of pastors, priests, and dubious god-men in the moral cesspool of humanity. For an au courant take, explore the sexual scandals within the Roman Catholic clergy that have been making news across the world for the past couple of decades; they have the Christian world in turmoil and show little sign of ebbing.

Rather than condemning any one religion or its system, they highlight the universality of human failing in every faith system, including Sikhi. As humans, in rare moments of honesty we see some of our own imperfections. And then we anoint our icons and idols with attributes that absolve them free of such flaws. Yet, before long, sure as death and taxes, the icons fall short of our hopes and expectations.

Recently, a few of us Sikhs were ruing the lamentable state of Sikh affairs particularly the static after Professor Darshan Singh was summoned to the Akal Takht for alleged infractions and summarily ostracized. He had been around the Sikh scene for umpteen years and was well respected for his parsing of Gurbani. But the debate over his fall from grace with Sikh religious authority took a vicious turn well beyond his alleged missteps. He was excoriated even in unrelated matters and partisans from both sides became relentlessly ruthless on him.

And then discussions went beyond Darshan Singh to others who had been historic icons in Sikhism not so long ago and then had fallen from grace.

*We usually spare the Gurus but not the Sikhs; of course, this distinction is critical.*

Bhai Kahn Singh (Nabha) was reviled a century ago for working too closely with the British and the petty rulers in Punjab; such were the arguments mustered to diminish his seminal work on Sikhism, which stands in a class by itself. Bhai Randhir Singh was damned for being egotistical. Professor Gurmukh Singh was excommunicated a century ago to be later forgiven and reinstated posthumously, while Professor Piar Singh was chastised less than thirty years ago. Bhai Vir Singh was deservedly admired but drew opprobrium for his passionate defense of the entire Dasam Granth, as also his rejection of an equal place for women as *punj pyaray*.

It can be (Baba) Nand Singh, who was promoted as all perfection by a formidable lobby (Nanaksar), or (Sant) Sujan Singh, a much renowned Keertaniya dedicated to Sikhi -- of enviable musical talent and a melodious voice but, by some accounts, an even keener nose for money.

Some have branded Yogi Harbhajan Singh as a charlatan, somewhat akin to the legendary monk Rasputin of Russian history. But like every coin having two sides, there is always "the other hand." We need to recognize up front Yogi Bhajan's influence for good in an uncertain world. His persona and teaching apparently redirected many lost souls towards the Sikh way of life and a purposeful existence.

We all understand the difficulty in influencing even one person to change his ways and here was one man who launched a life-altering movement that has outlasted his mortal coil here on earth. Perfect he was likely not, except to his acolytes, but some of his followers today are clearly better Sikhs than many, including himself perhaps. This remarkable achievement deserves acknowledgement.

On the other hand, usually a smirk counters any

nitpicking of such iconic Sikhs: Do the critics view themselves as better Sikhs than the people they are picking on?

My diatribe here absolutely does not mean that I value any of them any less; I continue to learn from their works. But here and there I also strongly disagree with them. Then the questioning of such icons is often framed as blasphemy and that becomes the false lesson here.

In the larger context about religions of mankind, the icons and their acolytes would sooner wish or guarantee a hell for their hapless critics than allow any analytic exchange. On the other hand, the detractors of these heroes remain blind to even an iota of good in them at all.

My thoughts are similar when I think of the legendary scholar Kapur Singh (he really was an original mind) or the historian-cum-popular writer Khushwant Singh.

What we miss in all this cultural myopia is that, perfect or not, an untold number of men and women now walk the path of Sikhi because of such people as I have listed—iconic and/or deficient. Our all-embracing approval or total rejection of them becomes akin to throwing out the baby with the bath water.

All of them had feet of clay; that is the human condition. But we either erect impermeable walls around our icons and any chink is then seen as an attack which must be repelled even at the cost of life, limb, and truth, or we diminish the icon to smithereens because he/she was found wanting. Anyone so branded is then an enemy that must be destroyed; so first they must be vilified and dehumanized. And the process never stops.

So far, I have said nothing that we don't know. I am going to juxtapose these ideas with some fatally fearsome practices that drive us towards iconoclasty or iconolatry and hinder our musings about perfection.

Readers know that I regularly write columns. Would every reader agree with me? I hope not and certainly expect not. Learning demands that we listen to those with whom we disagree, and search for common ground. That's how progress takes shape.

But what would you think when readers get so incensed at some words that they want the author expelled and banished from a specific journal and a particular issue of it destroyed. Sounds like burning books, doesn't it? Should we quit working together? Critics should judge the work, not the person. Issues must remain open to ongoing civil exchange. That really is the only way to resolve them.

Don't you wish someone could convince Donald Trump of that one idea?

On the other hand, when such destructive processes take root—and they do occasionally—I do not know whether to be baffled or flattered that my critics find me so influential that I must be thrown out of the Sikh world as they sometimes propose.

But I can't really blame people either. They are looking for perfection and it does not exist in our human world. It is a goal, an ideal and that's how it will ever remain.

*Keep in mind that ideals are like stars to a sailor. They can lead us home but we can never hold them in our sweaty little palms.*

I look at Sikhi as a path in which the journey is the destination. Remember that any journey is laden with twists and turns—a non-linear trek. And this journey ends only when life ends. To me one of the primeval cardinal human virtues lies in words from the daily Sikh prayer (*ardaas*): *"jinha ne dekh kayánditth keta."* They remind us not to dwell on the shortcoming of others. I point to a similar strain in Christian practice when in the Lord's Prayer they ask: "Forgive us our trespasses as we forgive those who trespass against us."

A little charity is the idea here because we all need it. Guru Nanak reminds us repeatedly that we are imperfect and in need of forgiveness, compassion, and a reset; it makes possible the continuation of life and human social structure and institutions. That's the essence of *"Na hum changay buraa nahi koye,"* (Guru Granth, p. 728). This idea is even more powerfully and succinctly highlighted as: "We talk a good game; Our minds are black as sin, but to others we appear unblemished and pure," (Guru Granth p. 85: *"Galee(n) asee changiya(n) achaari buriya(n); Manuh kasudha kaleeya baahar chitviyah"*).

Is anyone perfect? Am I perfect? Decidedly not! Would I want to be? Probably not; it may be hard to live with the demanding reality. It might also be dull, and unchallenging; hard on friends, colleagues, and family. Is it even possible? What does it mean to be perfect anyway? Oscar Wilde reminds us that every saint has a past and every sinner has a future. The path, therefore, is the critical reality and the journey is the destination.

But in our social constraints, somehow, we have painted life's roadmap for people as a binary choice: as godly virtuous, or satanically evil, as black or white; we forget that a productive, well lived human life has many hues; it has a lot more gray in it than black or white. It is not either pitch darkness or sunshine at noon.


Looking for perfection in people is a risky pastime. That's why the adage that "perfect is the enemy of the good." I am reminded of an American witticism that I learned in my early years here: "No one is perfect except you and I and, about you, I am not so sure."

*The longer I live – with each passing day — the more I see that to err is human and some are perhaps more human than others. Remember that we all have feet of clay. Remember being human is the greatest virtue.*

Courtesy*: Sikhi: The Journey & The Destination*

# ਸ. ਗੁਰਬਚਨ ਸਿੰਘ ਭੁੱਲਰ ਦੀ ਪੁਸਤਕ 'ਮਜਲਸ' ਉੱਪਰ ਚਰਚਾ

ਨਵੀਂ ਦਿੱਲੀ, 16 ਅਪ੍ਰੈਲ 2021 : ਨੈਸ਼ਨਲ ਇੰਸਟੀਟਿਊਟ ਆਫ ਪੰਜਾਬ ਸਟਡੀਜ਼, ਭਾਈ ਵੀਰ ਸਿੰਘ ਸਾਹਿਤ ਸਦਨ ਵਲੋਂ ਪੁਸਤਕ ਚਰਚਾ ਦੇ ਮਹੀਨਾਵਾਰ ਪ੍ਰੋਗਰਾਮ ਤਹਿਤ ਇਸ ਵਾਰ ਨਾਮਵਰ ਲੇਖਕ ਗੁਰਬਚਨ ਸਿੰਘ ਭੁੱਲਰ ਦੀ ਪੁਸਤਕ **ਮਜਲਸ** ਦੇ ਉੱਪਰ ਚਰਚਾ ਦਾ ਆਯੋਜਨ ਕੀਤਾ ਗਿਆ। ਪੁਸਤਕ 'ਤੇ ਉਘੇ ਨਾਵਲਕਾਰ ਤੇ ਲੇਖਕ ਸ. ਬਲਦੇਵ ਸਿੰਘ ਸੜਕਨਾਮਾ ਅਤੇ ਪ੍ਰਸਿੱਧ ਕਵੀ, ਨਾਟ-ਲੇਖਕ ਤੇ ਆਲੋਚਕ ਅਤੈ ਸਿੰਘ ਸੰਧੂ ਨੇ ਆਪਣੇ ਵਿਚਾਰ ਸਾਂਝੇ ਕੀਤੇ। ਦੇਸ਼ ਬੰਧੂ ਕਾਲਜ, ਯੂਨੀਵਰਸਿਟੀ ਆਫ਼ ਦਿੱਲੀ ਦੇ ਅਸਿਸਟੈਂਟ ਪ੍ਰੋਫੈਸਰ ਡਾ. ਮੁਨੀਸ਼ ਕੁਮਾਰ ਨੇ ਇਸ ਦਾ ਸੰਚਾਲਨ ਕੀਤਾ।




ਪ੍ਰੋਗਰਾਮ ਦਾ ਆਰੰਭ ਕਰਦਿਆਂ ਦਿੱਲੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਸਾਬਕਾ ਮੁਖੀ ਡਾ. ਰਵੇਲ ਸਿੰਘ ਨੇ ਸਭ ਨੂੰ ਜੀਓ ਆਇਆਂ ਕਹਿੰਦਿਆਂ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨਾਲ ਸੰਬੰਧਤ ਪੁਸਤਕ ਚਰਚਾ ਦੇ ਇਸ ਪ੍ਰੋਗਰਾਮ ਬਾਰੇ ਸਰੋਤਿਆਂ ਨੂੰ ਸੰਖੇਪ 'ਚ ਦੱਸਿਆ। ਪ੍ਰੋਗਰਾਮ ਦਾ ਸੰਚਾਲਨ ਕਰਦਿਆਂ ਡਾ. ਮੁਨੀਸ਼ ਕੁਮਾਰ ਨੇ ਪੁਸਤਕ **ਮਜਲਸ** ਅਤੇ ਇਸ ਉਪਰ ਬੋਲਣ ਵਾਲੇ ਵਕਤਿਆਂ ਨਾਲ ਸੰਖੇਪ ਜਾਣ-ਪਛਾਣ ਕਰਾਈ। ਉਨ੍ਹਾਂ ਅਨੁਸਾਰ ਕੋਈ ਰਚਨਾ ਸੰਵਾਦ ਦੀ ਪ੍ਰਕ੍ਰਿਆ 'ਚੋਂ ਗੁਜ਼ਰ ਕੇ ਹੀ ਸਾਹਿਤਕ ਪ੍ਰਵਚਨ ਦਾ ਰੂਪ ਧਾਰਦੀ ਹੈ। ਚਰਚਾਅਧੀਨ ਪੁਸਤਕ ਇਸੇ ਦੀ ਮਿਸਾਲ ਹੈ।

ਪੁਸਤਕ ਤੇ ਚਰਚਾ ਕਰਦਿਆਂ ਬਲਦੇਵ ਸਿੰਘ ਸੜਕਨਾਮਾ ਨੇ ਇਸ ਨੂੰ ਇਕ ਅਜਿਹੀ ਅਰਥਭਰਪੂਰ ਤੇ ਗੰਭੀਰ ਰਚਨਾ ਕਿਹਾ ਜਿਸ ਵਿਚ ਲੇਖਕ ਨੇ ਵੱਡੇ-ਛੋਟੇ ਸਭ ਤਰ੍ਹਾਂ ਦੇ ਲੇਖਕਾਂ ਨਾਲ ਸਮਤੋਲ ਵਿਹਾਰ ਰੱਖਦਿਆਂ ਉਹਨਾਂ ਦੀ ਸਿਰਜਨਾਤਮਕਤਾ ਦੇ ਨਾਲ ਨਾਲ ਜੀਵਨ ਵਿਹਾਰ ਦੇ ਪ੍ਰਤੱਖ ਪਹਿਲੂਆਂ ਬਾਰੇ ਲੰਮੀ ਤੇ ਗੰਭੀਰ ਗਲਬਾਤ ਕੀਤੀ ਹੈ। ਉਨ੍ਹਾਂ ਅਨੁਸਾਰ ਇਹ ਗੱਲਾਂ ਅਜ ਦੇ ਪਾਠਕਾਂ ਲਈ ਬਹੁਤ ਪ੍ਰਸੰਗਕ ਤੇ ਮੁੱਲਵਾਨ ਹੋਣ ਦੇ ਨਾਲ ਨਾਲ ਕੁਝ ਹਟਵੀਆਂ ਵੀ ਹਨ। ਇਹਨਾਂ ਵਿਚ ਸਾਨੂੰ ਉਹਨਾਂ ਲੇਖਕਾਂ ਦੇ ਸਮੇਂ ਦਾ ਯਥਾਰਥ-ਬੋਧ ਹੋਣ ਦੇ ਨਾਲ ਨਾਲ ਸਿਰਜਨ ਨੁਕਤਿਆਂ ਦੀ ਵੀ ਵਾਕਫ਼ੀਅਤ ਹੁੰਦੀ ਹੈ। ਇਸ ਦੇ ਨਾਲ ਉਹਨਾਂ ਪੁਸਤਕ ਦੇ ਸਰਵਰਕ ਦੀ ਚਿੱਤਰਕਾਰ ਮਦਨ ਲਾਲ ਰਾਹੀਂ ਬਣਾਈ ਕਲਾ-ਪੇਂਟਿੰਗ ਦਾ ਵੀ ਢੁਕਵਾਂ ਖੁਲਾਸਾ ਕੀਤਾ। ਅਤੈ ਸਿੰਘ ਸੰਧੂ ਨੇ ਇਸ ਨੂੰ ਸੁਆਲਾਂ ਤੋਂ ਜੁਆਬ ਤੇ ਫਿਰ ਜੁਆਬਾਂ 'ਚੋਂ ਨਿਕਲਦੇ ਸੁਆਲ ਦੇ ਕ੍ਰਮ 'ਚ ਲਿਖੀ ਇਕ ਅਜਿਹੀ ਸਿਰਜਨਾ ਕਿਹਾ ਜਿਸ ਵਿਚ ਪ੍ਰਵਚਨ, ਸੰਵਾਦ, ਗੋਸ਼ਟਿ ਅਦਿ ਸਭ ਤੱਤ ਸਾਨੂੰ ਨਜ਼ਰ ਆਉਂਦੇ ਹਨ। ਉਨ੍ਹਾਂ ਅਨੁਸਾਰ ਸੁਣਨ-ਸੁਨਾਉਣ ਦੀ ਪਰੰਪਰਾ 'ਚ ਲਿਖੀ ਇਹ ਪੁਸਤਕ ਇਕ ਤਰ੍ਹਾਂ ਨਾਲ ਤਤਕਾਲੀ ਸਾਹਿਤ-ਸਭਿਆਚਾਰ ਨੂੰ ਸਾਂਭਣ ਦਾ ਇਕ ਮੁੱਲਵਾਨ ਯਤਨ ਹੈ। ਅਖੀਰ 'ਚ ਡਾ. ਰਵੇਲ ਸਿੰਘ ਨੇ ਪੁਸਤਕ **ਮਜਲਸ** ਦੇ ਉੱਪਰ ਮਜਲਸ ਦੇ ਅੰਦਾਜ਼ 'ਚ ਹੋਈਆਂ ਗੱਲਾਂ ਅਤੇ ਪੁਸਤਕ 'ਚ ਲੇਖਕ ਵਲੋਂ ਬੇਬਾਕੀ ਤੇ ਇਕ ਖਾਸ ਅੰਦਾਜ਼ 'ਚ ਕਹੀਆਂ ਗੱਲਾਂ ਦਾ ਜ਼ਿਕਰ ਕਰਦਿਆਂ ਪ੍ਰੋਗਰਾਮ 'ਚ ਸ਼ਾਮਲ ਵਕਤਿਆਂ ਤੇ ਸਰੋਤਿਆਂ ਦਾ ਤਹਿਦਿਲੋਂ ਧੰਨਵਾਦ ਕੀਤਾ। ❖ ❖



ਬਲਦੇਵ ਸਿੰਘ ਸੜਕਨਾਮਾ, ਅਤੈ ਸਿੰਘ ਸੰਧੂ, ਗੁਰਬਚਨ ਸਿੰਘ ਭੁੱਲਰ, ਡਾ. ਮੁਨੀਸ਼ ਕੁਮਾਰ ਅਤੇ ਡਾ. ਰਵੇਲ ਸਿੰਘ

ਖਾਲਸਾ ਸਮਾਚਾਰ
੧੦੦ ਸਾਲ ਪਹਿਲਾਂ
ਹਫ਼ਤਾਵਾਰ ਪੰਜਾਬੀ ਪਰਚਾ

28 ਅਪ੍ਰੈਲ, 1921

# ਕ੍ਰਿਪਾਨ

(੧) "ਕ੍ਰਿਪਾਨ ਇਕ ਸੰਸਕ੍ਰਿਤ ਲਫਜ਼ ਹੈ. ਜਿਸਦੀ ਵਿਤਪਤੀ ਕੋਸ਼ਾਂ ਵਿਚ "ਕ੍ਰਿਪਾ + ਨੁਦ + ਡ" ਆਦਿ ਦਿਤੀ ਹੈ। ਇਸਦੇ ਅਰਥ ਤਲਵਾਰ, ਖੰਜਰ ਤੇ ਬਲੀ ਕਰਨ ਵਾਲੀ ਛੁਰੀ ਦਿਤੇ ਹਨ।

(੨) ਸਿੱਖਾਂ ਦੇ ਮਜਹਬ ਤੋਂ ਪਹਿਲਾਂ ਏਹ ਲਫਜ਼ ਤੇ ਸ਼ਸਤ੍ਰ ਮੌਜੂਦ ਸੀ।

(੩) ਮੈਦਾਨੇ ਜੰਗ ਵਿਚ ਕੰਮ ਆਉਂਦਾ ਸੀ ਤੇ ਬਲੀਦਾਨਾਂ ਦੇ ਸਮੇਂ ਬਲੀ ਹੋਣ ਵਾਲੇ ਜਾਨਵਰ ਦੇ ਝਟਕਾਨ ਲਈ ਵੀ ਵਰਤਿਆ ਜਾਂਦਾ ਸੀ।

(੪) ਸਿੱਖ ਗ੍ਰੰਥਾਂ ਵਿੱਚ ਇਸਦੀ ਸ਼ਕਲ ਦਾ ਪਤਾ ਘੱਟ ਚਲਦਾ ਹੈ।

(੫) ਦਸਮੇਂ ਪਾਤਸ਼ਾਹ ਜੀ ਦੀ ਅਪਨੀ ਰਚਨਾ ਤੇ ਸਿੱਖ ਇਤਹਾਸਕ ਗ੍ਰੰਥਾਂ ਵਿਚ ਇਹ ਪਦ ਤਲਵਾਰ ਦੇ ਅਰਥਾਂ ਵਿਚ ਵਰਤਿਆ ਗਿਆ ਹੈ 'ਧੂਹ ਲਈ ਕ੍ਰਿਪਾਣੀ ਦੁਰਗਾ ਮਿਆਨ ਤੋਂ।'

(੬) ਦਸਮੇਂ ਪਾਤਸ਼ਾਹ ਜੀ ਦੇ ਅਪਨੀ **ਸ਼ਸਤ੍ਰ ਨਾਮ ਮਾਲਾ** ਤੋਂ ਇਤਨਾ ਪਤਾ ਜਰੂਰ ਚਲਦਾ ਹੈ ਕੀ ਸੰਜੋਹ ਯਾ ਜ਼ਿਰਹ ਬਕਤਰ ਨੂੰ ਜੋ ਸ਼ਸਤ੍ਰ ਕੱਟ ਸਕੇ ਉਹ ਕ੍ਰਿਪਾਨ ਹੈ, (ਕਵਚ + ਅਦਿ-ਸੰਜੋਹ ਦਾ ਸ਼ਤਰੂ) ਇਸਤੋਂ ਅੰਦਾਜ਼ਾ ਲੱਗ ਸਕਦਾ ਹੈ ਕਿ ਕ੍ਰਿਪਾਨ ਕਿਸ ਪ੍ਰਕਾਰ ਦੀ ਹੋਸੀ।

(੭) ਸਿੱਖ ਗ੍ਰੰਥਾਂ ਵਿਚ ਇਸਦੀ ਲੰਮਾਈ ਦੀ ਕੈਦ ਨਹੀਂ ਹੈ। ਪਰ ਉਪਰ ਲਿਖੇ ਗੁਰੂ ਵਾਕ ਤੋਂ ਪਤਾ ਲੱਗਦਾ ਹੈ ਕਿ ਇਹ ਕੋਈ ਚਾਕੂ ਯਾ ਕਰਦ ਯਾ ਛੋਟੀ ਜੇਹੀ ਸ਼ੈ ਨਹੀਂ ਹੈ। ਕਵਡ ਦੀ ਵੈਰਨ ਕ੍ਰਿਪਾਨ ਜਰੂਰ ਕੁਛ ਬਲਵਾਨ ਸ਼ਸਤ੍ਰ ਹੈ।

(੮) ਸਿੱਖਾਂ ਦਾ ਵਰਤਾਉ ਕ੍ਰਿਪਾਨ ਨਾਲ ਅਤ ਜਰੂਰੀ ਹੈ, ਜਿਸ ਤਵਾਂ ਤੀਰ ਤੁਫੰਗ ਤੋਪ ਬਿਨਾਂ ਮਾਮੂਲੀ ਸੁਲਹ ਦੇ ਸਮੇਂ ਦੀ ਜਿੰਦਗੀ ਗੁਜ਼ਰ ਸਕਦੀ ਹੈ, ਪਰ ਕ੍ਰਿਪਾਨ ਬਿਨਾਂ ਸਿੱਖ ਦੀ ਜਿੰਦਗੀ ਗੁਜਰ ਨਹੀਂ ਸਕਦੀ, ਕਿਉਂਕਿ ਗੁਰੂ ਸਾਹਿਬ ਨੇ ਇਸਨੂੰ ਸਿੱਖ ਧਾਰਮਕ ਤਅਲਕ ਵਿੱਚ ਸਿੱਖਾਂ ਦੀ ਰਹਿਤ ਅੰਮ੍ਰਤ ਛਕਣ ਸਮੇਂ ਪੂਰਨ ਅਵਸ਼ਕ ਤੇ ਕੜਾਹ ਪ੍ਰਸ਼ਾਦ ਵੇਲੇ ਇਸਦੀ ਭੇਟ ਅਟਲ ਅਰ ਅਸਿੱਖਾਂ ਦੇ ਬਣੇ ਕਿਸੇ ਪ੍ਰਕਾਰ ਦੇ ਖਾਣੇ ਵਿਚੋਂ ਭਰਮ ਕੱਟਣ ਲਈ ਇਸਦੀ ਭੇਟ ਜਰੂਰੀ ਰਖੀ ਹੈ। ਅੰਮ੍ਰਤ ਸਿੱਖ ਨਹੀਂ ਛੱਕ ਸਕਦਾ ਤੇ ਨਾ ਹੀ ਛਕਾ ਸਕਦਾ ਹੈ ਜਦ ਤੱਕ ਕਿ ਕ੍ਰਿਪਾਨ ਗਾਤ੍ਰੇ ਨਾ ਹੋਵੇ। ਰੋਜ ਦਿਨ ਦਿਹਾਰ ਜਦ ਕੜਾਹ ਪ੍ਰਸ਼ਾਦ ਮਹਾਰਾਜ ਦੀ ਭੇਟ ਕੀਤਾ ਜਾਵੇ ਅਰਦਾਸਾ ਸੋਧ ਕੇ ਕ੍ਰਿਪਾਨ ਭੇਟ ਕੀਤੇ ਬਿਨਾਂ ਪ੍ਰਸ਼ਾਦ, ਪ੍ਰਸ਼ਾਦ ਨਹੀਂ ਬਣਦਾ, ਅਪ੍ਰਵਾਨ ਰਹਿੰਦਾ ਹੈ ਤੇ "ਗੁਰੂ ਸਿੱਖ" ਦੋਹਾਂ ਦੇ ਰਸਨੀ ਲਾਇਕ ਬਹੈਸੀਅਤ ਪ੍ਰਸ਼ਾਦ ਨਹੀਂ ਹੁੰਦਾ, ਭਰਮ ਤੋਂ ਖਲਾਸੀ ਵੇਲੇ ਇਸ ਦੀ ਭੇਟ ਸਿੱਖ ਨੂੰ ਨਿਰ੍ਸੰਸੇ ਕਰਦੀ ਹੈ।

(੯) ਕਿਉਂ ਸੱਤਰ ਬਰਸ ਸਿੱਖਾਂ ਛੋਟੀ ਕ੍ਰਿਪਾਨ ਨਾਲ ਨਿਰਬਾਹ ਕੀਤਾ ਹੈ ? ਜਦੋਂ ਅੰਗ੍ਰੇਜ ਪੰਜਾਬ ਵਿਚ ਆਏ ਤਦ ਉਨ੍ਹਾਂ ਪ੍ਰਜਾ ਦੇ ਸ਼ਸਤ੍ਰ ਲੈ ਲੈਣ ਦਾ ਕਾਨੂੰਨ ਤੇ ਹੁਕਮ ਜਾਰੀ ਕੀਤਾ, ਸਿੱਖ ਸਿਰ ਕਰਦੇ ਸਰਦਾਰ ਹਰੀ ਸਿੰਘ, ਫੂਲਾ ਸਿੰਘ ਪਹਿਲੇ ਸ਼ਹੀਦ ਹੋ ਚੁਕੇ ਸੇ, ਸ੍ਰਦਾਰ ਸ਼ਾਮ ਸਿੰਘ ਵਰਗੇ ਉਸ ਵੇਲੇ ਸ਼ਹੀਦੀ ਪਾ ਗਏ ਸੇ, ਜੋ ਆਗੂ ਬਣੇ ਸੇ ਉਨ੍ਹਾਂ ਦਾ ਹਾਲ ਕਨਿੰਗਮ ਨੇ ਦਿੱਤਾ ਹੈ ਤੇ ਸਾਰੇ ਸਿੱਖ ਜਾਣਦੇ ਹਨ, ਜੰਮੂ ਦੇ ਭੋਗਰੇ ਜੋ ਸ੍ਰਕਾਰ ਦੇ ਮੋਹਰੀ ਸਨ ਉਹ ਜੰਮੂ ਕਸ਼ਮੀਰ ਦੇ ਪ੍ਰਬੰਧ ਵਿੱਚ ਜਾ ਰੁਝੇ ਸੇ, ਸਿੱਖ ਪ੍ਰਜਾ ਖੌਫ਼ ਵਿਚ ਸੀ ਕਿ ਫਾਤਿਹਾ ਕੌਮ ਖਬਰ ਨਹੀਂ ਕੀ ਕਰੇਗੀ, ਇਸ ਕਰਕੇ ਬੇ ਆਗੂ ਤੇ ਖਿਲਰੀ, ਬਿਖਰੀ, ਦਿਲ ਟੁਟੀ ਕੌਮ ਨਵੇਂ ਕਾਨੂੰਨ ਤੇ ਹੁਕਮ ਕਰਕੇ ਛੋਟੀਆਂ ਕਿਰਪਾਨਾਂ ਤੇ ਹੀ ਨਿਰਬਾਹ ਕਰਨ ਲੱਗੀ, ਪ੍ਰੰਤੂ ਅੰਮ੍ਰਿਤ ਛਕਣ ਵੇਲੇ ਭਾਵੇਂ ਕਿਸੇ ਤਰਾਂ ਹੋਵੇ ਸਦਾ ਵੱਡੀਆਂ ਕ੍ਰਿਪਾਨਾਂ ਤੇ ਤਲਵਾਰਾਂ ਮੁਹਯਾ ਹੁੰਦੀਆਂ ਰਹੀਆਂ। ਭਾਵੇਂ ਮੰਗੀ ਜਾਵੇ ਪਰ ਹੁੰਦੀ ਜਰੂਰ ਸੀ। ਸੱਤਰ ਬਰਸ ਦੀ ਸਿੱਖਾਂ ਦੀ ਸੇਵਾ ਤੇ ਬੇਅਸਰ ਤੇ ਦੇਸ ਤੇ ਰਾਜ ਸਹਾਯਤਾ ਦੀ ਤਸੱਲੀ ਦੇ ਬਾਦ ਸਰਕਾਰ ਨੇ ਚੀਫ ਖਾਲਸਾ ਦੀਵਾਨ ਦੀ ਬਿਨੈ ਪਰ ਕ੍ਰਿਪਾਨ ਵੱਡੀ ਦੀ ਖੁਲ ਕਰ ਦਿੱਤੀ, ਜਿਸ ਲਈ ਕੌਮ ਸ਼ੁਕਰ ਗੁਜਾਰ ਹੈ।

(੧੦) ਹੁਣ ਕ੍ਰਿਪਾਨ ਦੀ ਮੁਸ਼ਕਲ ਇਹ ਹੈ ਕਿ ਸਰਕਾਰ ਨੇ ਜੋ ਦਰਯਾ ਦਿਲੀ ਸਿੱਖਾਂ ਨਾਲ ਵਰਤੀ ਹੈ ਉਹ ਨਾ ਬੰਦ ਹੋਵੇ, ਗੋਰਖੇ ਖੋਖਰੀ ਰਖਦੇ ਹਨ ਉਨ੍ਹਾਂ ਨੂੰ ਖੁਲ੍ਹ ਹੈ, ਪੰਜਾਬ ਤੋਂ ਬਿਨਾਂ ਯੂਪੀ ਆਦਿ ਵਿਚ ਤਲਵਾਰ ਦੀ ਖੁਲ੍ਹ ਹੈ, ਸਿੱਖਾਂ ਨੂੰ ਕ੍ਰਿਪਾਨ ਦੀ ਖੁਲ੍ਹ ਦੇਕੇ ਸਰਕਾਰ ਨੇ ਕਿਰਪਾ ਕੀਤੀ ਹੈ ਹੁਣ ਹਰ ਖਿਆਲ ਦੇ ਸਿੱਖ ਸਿਆਣਿਆਂ ਨਾਲ ਵਿਚਾਰ ਕਰ ਲਵੋ। ਕ੍ਰਿਪਾਨ ਦੇ ਮੁਕਦਮੇ ਆਦਿ ਵਾਕਜਾਤ ਅਰ ਸਜਾਵਾਂ ਦਿਲਾਂ ਪਰ ਪੀੜਾਂ ਦਾ ਅਸਰ ਪਾਂਦੀਆਂ ਹਨ। ਇਹ ਕ੍ਰਿਪਾਨ ਦੀ ਖੁਲ੍ਹ ਦੇਈ ਰਖਣੀ ਉਸਦੀ ਸ਼ਾਨ ਅਰ ਬਲਕਾਰ ਦੇ ਭਾਯਾਂ ਹੈ, ਤੇ ਜੇ ਕੋਈ ਹੋਰ ਵਿਚਾਰ ਦਰਪੇਸ਼ ਹੈ ਤਾਂ ਕੌਮ ਦੇ ਦੂਲਿਆਂ ਨਾਲ ਵਿਚਾਰ ਕਰਕੇ ਖੁਸ਼ੀ ਖੁਸ਼ੀ ਰਾਜ਼ੀ ਰਜ਼ਾ ਨਾਲ ਕੋਈ ਗੱਲ ਨਿਬੜ ਜਾਵੇ, ਇਕ ਐਸੇ ਸ਼ਸਤਰ ਲਈ ਜੋ ਧਾਰਮਕ ਹੈ, ਪਰਸਪਰ ਕਿਉਂ ਕੋਈ ਗਲਤ ਫੇਹਮੀ ਹੋਵੇ, ਸਮਾਂ ਦਸ ਚੁਕਾ ਹੈ ਕਿ ਪਿਛਲੇ 72 ਬਰਸ ਵਿਚ ਕ੍ਰਿਪਾਨ ਨਾਲ ਕੇਵਲ ਇਕ ਖੂਨੀ ਹਾਦਸਾ ਹੋਇਆ ਹੈ, ਪਤਾ ਨਹੀਂ ਇਹ ਵੀ ਠੀਕ ਕ੍ਰਿਪਾਨ ਨਾਲ ਹੋਇਆ ਹੈ ਜਾਂ ਨਹੀਂ ਜੋ ਇਸਦੇ ਧਾਰਮਕ ਵਰਤੋਂ ਦੇ ਹੋਣ ਦੀ ਦਲੀਲ ਹੈ। ਮੂਲ ਕੀ ਅਸੀਂ ਪਰਮਪਰ ਪਜਾਰ ਨਾਲ ਫੈਸਲੇ ਦੀ ਸਲਾਹ ਦੇਂਦੇ ਹਾਂ, ਖਿਚਾ ਖਿਚੀ ਰਾਜਾ ਪਰਜਾ ਵਿਚ ਦੁਵੱਲੀ ਦੁਖਦਾਈ ਹੈ। ਸਰਕਾਰ ਪਯਾਰ ਤੇ ਦਰਯਾ ਦਿਲੀ ਤੋਂ ਕੰਮ ਲਏ, ਕੌਮ ਪਰਸਪਰ ਵਿਚਾਰ ਕਰਕੇ ਕੋਈ ਚੰਗਾ ਫੈਸਲਾ ਕਰ ਕਰਾ ਲਵੇ, ਨਾਹਕ ਭਰਾਵਾਂ ਨਾਲ ਜੇਲ ਭਰਨ ਨੂੰ ਠੱਲਾ ਪਾਵੇ।

ੴ

ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼

{ਗੁਰੂ ਗ੍ਰੰਥ ਸਾਹਿਬ ਅੰਗ-੫੮੧, ਸੰਥਜਾ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-੩੫੪੫}

[ਰਾਗੁ ਵਡਹੰਸੁ ਮਹਲਾ ੧, ਅਲਾਹਣੀ-੪]

| ਮੂਲ | ਅਰਥ |
|---|---|
| ਵਡਹੰਸੁ ਮਹਲਾ ੧॥ ਜਿਨਿ ਜਗੁ ਸਿਰਜਿ ਸਮਾਇਆ ਸੋ ਸਾਹਿਬੁ ਕੁਦਰਤਿ ਜਾਣੋਵਾ॥ ਸਚੜਾ ਦੂਰਿ ਨ ਭਾਲੀਐ ਘਟਿ ਘਟਿ ਸਬਦੁ ਪਛਾਣੋਵਾ॥ ਸਚੁ ਸਬਦੁ ਪਛਾਣਹੁ ਦੂਰਿ ਨ ਜਾਣਹੁ ਜਿਨਿ ਏਹ ਰਚਨਾ ਰਾਚੀ॥ ਨਾਮੁ ਧਿਆਏ ਤਾ ਸੁਖੁ ਪਾਏ ਬਿਨੁ ਨਾਵੈ ਪਿੜ ਕਾਚੀ॥ ਜਿਨਿ ਥਾਪੀ ਬਿਧਿ ਜਾਣੈ ਸੋਈ ਕਿਆ ਕੋ ਕਹੈ ਵਖਾਣੋ॥ ਜਿਨਿ ਜਗੁ ਥਾਪਿ ਵਤਾਇਆ ਜਾਲੋ ਸੋ ਸਾਹਿਬੁ ਪਰਵਾਣੋ॥੧॥ | ਜਿਸ ਨੇ ਜਗਤ ਨੂੰ ਰਚਕੇ (ਆਪਾ ਇਸ ਵਿਚ) ਸਮਾਇਆ ਹੋਇਆ ਹੈ, ਉਸ ਮਾਲਕ ਨੂੰ ਕੁਦਰਤ ਦੇ ਰਸਤੇ ਪਛਾਣੋ॥ (ਉਸ) ਸੱਚੇ ਨੂੰ ਦੂਰ ਨਾ ਵੇਖੀਏ (=ਜਾਣੀਏ), ਹਿਰਦੇ ਹਿਰਦੇ ਵਿਚ (ਉਸ) ਸ਼ਬਦ (ਰੂਪ) ਨੂੰ ਪਛਾਣੋ। ਜਿਸ ਨੇ ਇਹ ਰਚਨਾ ਰਚੀ ਹੈ (ਉਸ) ਸੱਚੇ ਸ਼ਬਦ ਨੂੰ ਪਛਾਣੋ, (ਤੇ ਉਸ ਨੂੰ) ਦੂਰ ਨਾ ਜਾਣੋ। (ਜੋ ਮਾਨੁਖ) ਨਾਮ ਧਿਆਵੇਗਾ ਤਾਂ ਸੁੱਖ ਪਾਵੇਗਾ, ਨਾਮ ਤੋਂ ਬਿਨਾਂ (ਮਾਨੁਖਾ ਜਨਮ ਦੀ) ਖੇਡ ਕੱਚੀ ਰਹਿ ਜਾਂਦੀ ਹੈ। ਜਿਸ ਨੇ (ਇਹ ਰਚਨਾ) ਰਚੀ ਹੈ (ਇਸ ਦੇ ਸਾਰੇ) ਪ੍ਰਕਾਰ ਨੂੰ ਉਹੀ ਜਾਣਦਾ ਹੈ, ਕੋਈ ਕੀਹ ਆਖੇ ਤੇ ਕੀਹ ਵਜਾਖਜਾ ਕਰੇ। ਜਿਸ ਨੇ ਜਗਤ ਰਚਕੇ, (ਮੋਹ ਰੂਪੀ) ਜਾਲ ਵਿਛਾਇਆ ਹੈ ਉਸ (ਨੂੰ ਆਪਣਾ) ਮਾਲਕ ਕਰਕੇ ਪਰਵਾਣ ਕਰੋ॥੧॥ |
| ਬਾਬਾ ਆਇਆ ਹੈ ਉਠਿ ਚਲਣਾ ਅਧ ਪੰਧੈ ਹੈ ਸੰਸਾਰੋਵਾ॥ ਸਿਰਿ ਸਿਰਿ ਸਚੜੈ ਲਿਖਿਆ ਦੁਖੁ ਸੁਖੁ ਪੁਰਬਿ ਵੀਚਾਰੋਵਾ॥ ਦੁਖੁ ਸੁਖੁ ਦੀਆ ਜੇਹਾ ਕੀਆ ਸੋ ਨਿਬਹੈ ਜੀਅ ਨਾਲੇ॥ ਜੇਹੇ ਕਰਮ ਕਰਾਏ ਕਰਤਾ ਦੂਜੀ ਕਾਰ ਨ ਭਾਲੇ॥ ਆਪਿ ਨਿਰਾਲਮੁ ਧੰਧੈ ਬਾਧੀ ਕਰਿ ਹੁਕਮੁ ਛਡਾਵਣਹਾਰੋ॥ ਅਜੁ ਕਲਿ ਕਰਦਿਆ ਕਾਲੁ ਬਿਆਪੈ ਦੂਜੈ ਭਾਇ ਵਿਕਾਰੋ॥੨॥ | ਹੇ ਬਾਬਾ (ਏਥੇ ਜੋ ਕੋਈ) ਆਇਆ ਹੈ (ਉਸ ਨੇ ਏਥੋਂ) ਉੱਠ ਚੱਲਣਾ ਹੈ, (ਕਿਉਂਕਿ ਇਹ) ਸੰਸਾਰ ਅੱਧ ਵਿਚਾਲੇ (ਜੇਹੇ) ਹੈ। ਹਰੇਕ ਦੇ ਸਿਰ ਉਤੇ ਦੁੱਖ ਸੁੱਖ (ਉਸ ਦੇ) ਪੂਰਬਲੇ (ਕਰਮਾਂ) ਦੀ ਵੀਚਾਰ ਅਨੁਸਾਰ ਸੱਚੇ ਨੇ ਲਿਖਿਆ ਹੋਇਆ ਹੈ। (ਹਾਂ) ਜੇਹਾ (ਕਰਮ ਪਿਛੇ) ਕੀਤਾ ਸੀ (ਉਸ ਮੁਜਬ ਹੀ ਉਸ ਨੇ) ਦੁੱਖ (ਕਿ) ਸੁੱਖ ਦਿੱਤਾ ਹੈ ਉਹ ਜੀ ਦੇ ਨਾਲ ਨਿਭੇਗਾ। (ਹੁਣ ਚਾਹੀਦਾ ਹੈ ਕਿ ਜੀਵ) ਜੇਹੋ ਜੇਹੇ ਕਰਮ ਕਰਤਾਰ ਕਰਾਵੇ (ਉਹੋ ਜੇਹੇ ਕਰੇ, ਹੋਰ ਉਸ ਤੋਂ) ਦੂਜੀ ਕਾਰ ਨਾ ਭਾਲੇ॥ ਆਪ (ਕੁਦਰਤ ਵਿਚ ਵਸਦਾ ਹੋਇਆ ਫੇਰ) ਨਿਰਲੇਪ (ਬੈਠਾ ਹੈ, ਸ੍ਰਿਸ਼ਟੀ) ਧੰਦੇ ਵਿਚ ਬੰਨ੍ਹੀ ਹੋਈ ਹੈ, (ਅਤੇ ਆਪ ਹੀ) ਹੁਕਮ ਕਰਕੇ ਛੁਡਾਉਣੇ ਵਾਲਾ ਹੈ। ਪਰ ਜੀਵ ਨੂੰ ਧੰਦੇ ਵਿਚ ਫਸਿਆਂ) ਅਜ (ਭਜਨ ਕਰਦੇ ਹਾਂ) ਕਲ (ਭਜਨ ਕਰਦੇ ਹਾਂ) ਕਹਿੰਦਿਆਂ ਮੌਤ ਆ ਜਾਂਦੀ ਹੈ, (ਜੀਵ) ਦ੍ਵੈਤ ਭਾਵ ਦੇ ਵਿਕਾਰਾਂ ਵਿਚ (ਹੀ ਟੁਰ ਜਾਂਦਾ ਹੈ)॥੨॥ |
| ਜਮ ਮਾਰਗ ਪੰਥੁ ਨ ਸੁਝਈ ਉਝੜੁ ਅੰਧ ਗੁਬਾਰੋਵਾ॥ ਨਾ ਜਲੁ ਲੇਫ ਤੁਲਾਈਆ ਨਾ ਭੋਜਨ ਪਰਕਾਰੋਵਾ॥ ਭੋਜਨ ਭਾਉ ਨ ਠੰਢਾ ਪਾਣੀ ਨਾ ਕਾਪੜੁ ਸੀਗਾਰੋ॥ ਗਲਿ ਸੰਗਲੁ ਸਿਰਿ ਮਾਰੇ ਊਭੌ ਨਾ ਦੀਸੈ ਘਰ ਬਾਰੋ॥ ਇਬ ਕੇ ਰਾਹੇ ਜੰਮਨਿ ਨਾਹੀ ਪਛੁਤਾਣੇ ਸਿਰਿ ਭਾਰੋ॥ ਬਿਨੁ ਸਾਚੇ ਕੋ ਬੇਲੀ ਨਾਹੀ ਸਾਚਾ ਏਹੁ ਬੀਚਾਰੋ॥੩॥ | ਜਮ ਮਾਰਗ ਵਿਚ (ਕੋਈ) ਰਸਤਾ ਨਹੀਂ ਦਿੱਸਦਾ, (ਉਥੇ) ਔਝੜ ਹੈ, ਘੁੱਪ ਹਨੇਰਾ ਹੈ। ਨਾ (ਓਥੇ) ਪਾਣੀ (ਮਿਲਦਾ) ਹੈ, ਨਾ ਲੇਫ ਤੁਲਾਈਆਂ, ਨਾ ਤਰ੍ਹਾਂ ਤਰ੍ਹਾਂ ਦੇ ਭੋਜਨ (ਮਿਲਦੇ) ਹਨ। (ਹਾਂ, ਓਥੇ ਕੋਈ) ਆਦਰ ਨਹੀਂ ਕਰਦਾ, ਨਾ ਭੋਜਨ, ਨਾ ਠੰਢਾ ਪਾਣੀ, ਨਾ ਕਪੜੇ, ਨਾ ਸ਼ਿੰਗਾਰ (ਦਾ ਸਾਮਾਨ ਮਿਲਦਾ ਹੈ)। (ਓਥੇ) ਗਲ ਵਿਚ ਸੰਗਲ (ਪਿਆ ਹੁੰਦਾ ਹੈ ਤੇ ਜਮ) ਸਿਰ ਤੇ ਖੜਾ ਮਾਰ ਕਰਦਾ ਹੁੰਦਾ ਹੈ, (ਲੁਕਣ ਛਿਪਣ ਲਈ) ਘਰ ਬਾਰ ਬੀ (ਕੋਈ) ਨਹੀਂ ਦਿੱਸਦਾ, (ਤਦ ਜੀਵ) ਸਿਰ ਉਤੇ ਪਾਪਾਂ ਦੀ ਪੰਡ ਵੇਖਕੇ ਪੱਛਤਾਉਂਦਾ ਹੈ, (ਪਰ ਜਮ ਆਖਦੇ ਹਨ ਹੁਣ ਪਛੁਤਾਵੇ ਦਾ ਕੀ ਲਾਭ, ਕਿਉਂਕਿ) ਹੁਣ ਦੇ ਬੀਜੇ (ਪੁੰਨਾਂ ਦੇ ਬੀਜ) ਉੱਗ ਨਹੀਂ ਸਕਦੇ। (ਸੋ) ਸੱਚਾ ਵੀਚਾਰ ਇਹ ਹੈ ਕਿ ਸੱਚੇ ਦੇ ਬਿਨਾਂ (ਜੀਵ ਦਾ) ਮਿਤ੍ਰ ਕੋਈ ਨਹੀਂ (ਬਣਦਾ)॥੩॥ |
| ਬਾਬਾ ਰੋਵਹਿ ਰਵਹਿ ਸੁ ਜਾਣੀਅਹਿ ਮਿਲਿ ਰੋਵੈ ਗੁਣ ਸਾਰੇਵਾ॥ ਰੋਵੈ ਮਾਇਆ ਮੁਠੜੀ ਧੰਧੜਾ ਰੋਵਣ ਹਾਰੇਵਾ॥ ਧੰਧਾ ਰੋਵੈ ਮੈਲੁ ਨ ਧੋਵੈ ਸੁਪਨੰਤਰੁ ਸੰਸਾਰੋ॥ ਜਿਉ ਬਾਜੀਗਰੁ ਭਰਮੈ ਭੂਲੈ ਝੂਠਿ ਮੁਠੀ ਅਹੰਕਾਰੋ॥ ਆਪੇ ਮਾਰਗਿ ਪਾਵਣਹਾਰਾ ਆਪੇ ਕਰਮ ਕਮਾਏ॥ ਨਾਮਿ ਰਤੇ ਗੁਰਿ ਪੂਰੈ ਰਾਖੇ ਨਾਨਕ ਸਹਜਿ ਸੁਭਾਏ॥੪॥੪॥ | ਹੇ ਬਾਬਾ! (ਸਫਲ) ਰੋਣੇ ਓਹ ਜਾਣੀਦੇ ਹਨ ਜੋ (ਰਵਹਿ=) ਨਾਮ ਉਚਾਰਦੇ (ਤੇ ਸੰਤਾਂ ਨਾਲ) ਮਿਲਕੇ (ਪ੍ਰਭੂ ਦੇ) ਗੁਣਾਂ ਨੂੰ ਸੰਭਾਲਦੇ ਹਨ, (ਭਾਵ ਹਰੀ ਯਸ਼ ਕਰਦੇ ਹਨ)। (ਪਰ ਉਸ) ਰੋਵਣਹਾਰੀ ਦਾ ਰੋਣਾ (ਇਕ) ਧੰਦੜਾ ਹੈ, (ਭਾਵ ਅਸਫਲ ਹੈ, ਜੋ) ਮਾਇਆ ਵਿਚ ਠੱਗੀ ਹੋਈ ਰੋ ਰਹੀ ਹੈ। ਸੰਸਾਰ ਸੁਪਨੇ ਵਿਚ ਹੈ, (ਭਾਵ ਮਿਥਿਆ ਹੈ), ਇਸ ਦੇ (ਮਾਯਕ) ਧੰਦਿਆਂ ਵਿਚ ਜੋ ਰੋਣਾ ਹੈ (ਓਹ ਮਨ ਦੀ) ਮੈਲ ਨੂੰ ਧੋਂਦਾ ਨਹੀਂ। ਜਿਵੇਂ ਬਾਜ਼ੀਗਰ ਭਰਮ ਵਿਚ (ਪਾਕੇ) ਭੁਲਾ ਦੇਂਦਾ ਹੈ (ਤਿਵੇਂ ਸ੍ਰਿਸ਼ਟੀ) ਝੂਠ ਵਿਚ ਅਹੰਕਾਰ ਨਾਲ ਠੱਗੀ ਪਈ ਹੈ। (ਸਿੱਟੇ ਦੀ ਗੱਲ ਇਹ ਹੈ ਕਿ ਪ੍ਰਭੂ) ਆਪੇ ਹੀ (ਜੀਵਾਂ ਨੂੰ) ਸ਼ੁਭ ਰਸਤੇ ਪਾਉਣੇ ਵਾਲਾ ਹੈ ਤੇ ਆਪ ਹੀ (ਸ਼ੁਭ) ਕਰਮ ਕਮਾਉਣ ਵਾਲਾ ਹੈ। ਹੇ ਨਾਨਕ! ਪੂਰੇ ਗੁਰੂ ਨੇ ਓਹ ਸਹਜ ਸੁਭਾ ਬਚਾ ਲਏ (ਜੋ ਉਸ ਨੇ) ਨਾਮ ਵਿਚ ਪ੍ਰੇਮੀ ਕੀਤੇ ਸਨ॥੪॥੪॥ |

'KHALSA SAMACHAR' New Delhi. Office of Posting NDGPO-110001 (Thursday-Friday) R.No.50825/1990 DL(ND)-11/6035/2021-22-23
Published & printed by Dr.Mohinder Singh on behalf of Bhai Vir Singh Sahitya Sadan, Published from Bhai Vir Singh Marg, Gole Market, New Delhi-110001 and printed at Print Media, 1331 Chowk Sangatrashan, Paharganj, New Delhi.
Editor Dr.Mohinder Singh. Phone 011-23363510, Email:info@bvsss.org www.bvsss.org
ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵਲੋਂ ਪ੍ਰਕਾਸ਼ਕ ਤੇ ਛਾਪਕ ਡਾ.ਮਹਿੰਦਰ ਸਿੰਘ ਨੇ ਪ੍ਰਿੰਟ ਮੀਡੀਆ, 1331 ਚੌਂਕ ਸੰਗਤਰਾਸ਼ਾ, ਪਹਾੜ ਗੰਜ, ਨਵੀਂ ਦਿੱਲੀ-55 ਤੋਂ ਛਪਵਾਇਆ।
**ਸੰਪਾਦਕ: ਡਾ. ਮਹਿੰਦਰ ਸਿੰਘ।** [ਲੇਖਕਾਂ ਦੇ ਨਿਜੀ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ]

# ਸਿੰਗਾਪੁਰ 'ਚ ਲੱਗੀ ਸਿੱਖਾਂ ਬਾਰੇ ਸਭ ਤੋਂ ਵੱਡੀ ਪ੍ਰਦਰਸ਼ਨੀ

ਸਿੰਗਾਪੁਰ 'ਚ ਸਿੱਖਾਂ ਬਾਰੇ ਇੱਕ ਬਹੁਤ ਵੱਡੀ ਪ੍ਰਦਰਸ਼ਨੀ ਲਾਈ ਗਈ ਹੈ। 'Sikhs in Singapore - A Story Untold' ਨਾਂ ਦੀ ਇਸ ਪ੍ਰਦਰਸ਼ਨੀ 'ਚ 450 ਤੋਂ ਉਪਰ ਕਲਾਕ੍ਰਿਤੀਆਂ ਸ਼ਾਮਲ ਹਨ। ਇਸਦਾ ਉਦਘਾਟਨ 26 ਮਾਰਚ ਨੂੰ ਕੀਤਾ ਗਿਆ ਤੇ ਇਹ 30 ਸਤੰਬਰ ਤੱਕ ਹਰ ਆਮ-ਖਾਸ ਦੇ ਵੇਖਣ ਲਈ ਲੱਗੀ ਰਹੇਗੀ। ਇੰਡੀਅਨ ਹੈਰੀਟੇਜ ਸੈਂਟਰ 'ਚ ਲੱਗੀ ਇਸ ਪ੍ਰਦਰਸ਼ਨੀ 'ਚ ਸਿੱਖ ਵਿਰਸਾ, ਸਿੱਖ ਸਭਿਆਚਾਰ ਤੇ ਸਿੰਗਾਪੁਰ 'ਚ ਸਿੱਖ ਸਥਿਤੀ ਨੂੰ ਉਘੜਵੇਂ ਰੂਪ 'ਚ ਦਰਸਾਇਆ ਗਿਆ ਹੈ। ਇਸ ਪ੍ਰਦਰਸ਼ਨੀ 'ਚ ਲੱਗੀਆਂ 450 ਤੋਂ ਵੱਧ ਕਲਾਕ੍ਰਿਤੀਆਂ ਨੂੰ ਸਥਾਨਕ ਸਿੱਖਾਂ ਸਮੇਤ ਬਾਹਰ ਨਿਜੀ ਪੱਧਰ ਤੇ ਕੀਤੇ ਗਏ ਕਲਾ-ਸਮੂਹਾਂ ਤੋਂ ਵੀ ਹਾਸਲ ਕੀਤਾ ਗਿਆ ਹੈ ਜਿਨ੍ਹਾਂ ਵਿਚ ਖਨੂਜਾ ਪਰਿਵਾਰ ਅਤੇ ਕਪਾਨੀ ਪਰਿਵਾਰ ਵੱਲੋਂ ਸਾਂਝੇ ਕਲਾ-ਸਮੂਹਾਂ ਦਾ ਵੱਡਾ ਯੋਗਦਾਨ ਹੈ।

19ਵੀਂ ਸਦੀ ਦੇ ਅਖੀਰ 'ਚ ਸਿੰਗਾਪੁਰ 'ਚ ਸਿੱਖਾਂ ਦੀ ਆਮਦ ਸ਼ੁਰੂ ਹੋਈ ਜਦੋਂ ਇਸ ਦੇਸ਼ ਦਾ ਸ਼ਾਸਨ ਬ੍ਰਿਟਿਸ਼ ਹੁਕਮਾਂ ਅਧੀਨ ਸੀ। ਆਉਣ ਵਾਲੇ ਪਹਿਲੇ ਸਿੱਖ ਵੀ ਸਿੱਖ ਪੁਲਿਸ ਟੁਕੜੀ ਦੇ ਰੂਪ 'ਚ ਇੱਥੇ ਆਏ ਸਨ ਜਿਨ੍ਹਾਂ 20ਵੀਂ ਸਦੀ 'ਚ ਕਪੜਾ, ਖਾਣ-ਪੀਣ ਦੀਆਂ ਚੀਜ਼ਾਂ, ਇਲੈਕਟ੍ਰੌਨਿਕਸ, ਖੇਡਾਂ ਤੇ ਹੋਰ ਖੇਤਰਾਂ 'ਚ ਕੰਮਕਾਰ ਸੰਬੰਧੀ ਕੋਸ਼ਿਸ਼ਾਂ ਨੂੰ ਵਿਸਤਾਰ ਦਿੱਤਾ। ਵੱਖ-ਵੱਖ ਕੰਮਾਂਕਾਰਾਂ 'ਚ ਜਦ ਪੁਰਸ਼ਾਂ ਦੇ ਪੈਰ ਇੱਥੇ ਜੰਮ ਗਏ ਤਾਂ ਉਹਨਾਂ ਆਪਣੇ ਪਰਿਵਾਰਾਂ ਨੂੰ ਵੀ ਇੱਥੇ ਬੁਲਾ ਲਿਆ ਤੇ ਫਿਰ ਕੰਮਾਕਾਰਾਂ 'ਚ ਔਰਤਾਂ ਦੀ ਵੀ ਭਾਗੀਦਾਰੀ ਹੋਣ ਲੱਗ ਗਈ। ਇਨ੍ਹਾਂ ਸਭ ਗੱਲਾਂ ਦਾ ਪ੍ਰਗਟਾਓ ਸਿਲਸਿਲੇਵਾਰ ਰੂਪ 'ਚ ਪ੍ਰਦਰਸ਼ਨੀ 'ਚ ਹੋਇਆ ਹੈ।

ਇਸ ਵੱਡੀ ਪ੍ਰਦਰਸ਼ਨੀ ਦੇ ਉਦਘਾਟਨ ਮੌਕੇ ਵਰਿਸ਼ਠ ਮੰਤਰੀ ਥਰਮਨ ਸ਼ਨਮੁਗਰਤਨਮ ਨੇ ਆਪਣੇ ਪਹਿਲੋਂ ਤੋਂ ਰਿਕਾਰਡ ਕੀਤੇ ਭਾਸ਼ਣ 'ਚ ਕਿਹਾ ਕਿ ਮੁਲਕ 'ਚ ਲੱਗੀ ਇਹ ਪ੍ਰਦਰਸ਼ਨੀ ਸਿੱਖਾਂ ਦੇ ਇਤਿਹਾਸ, ਇਕ-ਦੂਜੇ ਪ੍ਰਤੀ ਸੇਵਾ ਦੀ ਭਾਵਨਾ ਦੇ ਨਾਲ ਨਾਲ ਉਨ੍ਹਾਂ ਦੀ ਚੜ੍ਹਦੀ ਕਲਾ ਦੀ ਭਾਵਨਾ ਨੂੰ ਬਿਹਤਰ ਤਰੀਕੇ ਨਾਲ ਰੂਪਮਾਨ ਕਰਦੀ ਹੈ। ਸਿੰਗਾਪੁਰ 'ਚ ਸਿੱਖਾਂ ਬਾਰੇ ਲੱਗੀ ਇਸ




ਪ੍ਰਦਰਸ਼ਨੀ ਦੇ ਤਿੰਨ ਹਿੱਸੇ ਹਨ। ਪਹਿਲਾ ਹਿੱਸਾ ਉਹਨਾਂ ਦੀ ਸਿੰਗਾਪੁਰ 'ਚ ਆਮਦ ਨਾਲ ਸੰਬੰਧਿਤ ਹੈ, ਦੂਜੇ ਹਿੱਸੇ 'ਚ ਉਹਨਾਂ ਦੀ ਸਿੰਗਾਪੁਰ 'ਚ ਸਥਾਪਤੀ ਅਤੇ ਛੇਕੜਲੇ ਹਿੱਸੇ 'ਚ ਉਹਨਾਂ ਦੀ ਹੁਣਵੀਂ ਸਥਿਤੀ, ਪਛਾਣ ਅਤੇ ਦੇਸ਼ ਪ੍ਰਤੀ ਪਾਏ ਯੋਗਦਾਨ ਨੂੰ ਰੂਪਮਾਨ ਕਰਦੀ ਹੈ। ਇਸ ਪ੍ਰਦਰਸ਼ਨੀ 'ਚ ਇੱਥੋਂ ਦੇ ਇਕ ਸਥਾਨਕ ਫੋਟੋਗ੍ਰਾਫਰ ਆਫ਼ਿਕ ਓਮਰ ਰਾਹੀਂ 'ਥਰੂ ਦ ਲੈਨਜ਼' ਦੇ ਤਹਿਤ 50 ਤੋਂ ਉੱਪਰ ਸਿੱਖ ਨੌਜਵਾਨਾਂ ਦੀਆਂ ਲਈਆਂ ਤਸਵੀਰਾਂ ਵੀ ਸ਼ਾਮਲ ਹਨ। ਸਥਾਨਕ ਫਿਲਮਸਾਜ਼ ਉਪਨੀਤ ਕੌਰ ਨਾਗਪਾਲ ਅਤੇ ਲੇਖਿਕਾ ਬਾਲੀ ਕੌਰ ਜਸਵਾਲ ਰਾਹੀਂ ਤਿਆਰ ਕੀਤੀ ਫਿਲਮ 'ਬੀਇੰਗ ਸਿੱਖ' ਜਿਸ ਵਿਚ ਸਿੰਗਾਪੁਰ 'ਚ ਸਿੱਖ ਵਿਰਸੇ ਦੇ ਤਿੰਨ ਰੂਪ—ਔਰਤ ਦਾ ਰੋਲ, ਪਰੰਪਰਾ ਅਤੇ ਵਿਸ਼ਵਾਸ—ਵੀ ਇਸ ਪ੍ਰਦਰਸ਼ਨੀ ਦਾ ਹਿੱਸਾ ਬਣੇ ਹਨ।

ਸਿੱਖ ਵਿਰਸਾ, ਸਿੱਖ ਸਭਿਆਚਾਰ ਦੇ ਨਾਲ ਸਿੰਗਾਪੁਰ 'ਚ ਸਿੱਖ ਪਛਾਣ ਅਤੇ ਅਨੁਭਵਾਂ ਬਾਰੇ ਵਿਕੋਲਿਤਰੇ ਅਨੁਭਵਾਂ ਨੂੰ ਪੇਸ਼ ਕਰਦੀ ਉਪਰੋਕਤ ਪ੍ਰਦਰਸ਼ਨੀ—Sikhs in Singapore - A Story Untold—ਬਾਰੇ ਵਧੇਰੇ ਜਾਣਨ ਲਈ ਸੰਪਰਕ ਕਰੋ- indianheritage.gov.sg. ❖ ❖